ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਬੁੱਧਵਾਰ, 24 ਸਤੰਬਰ 2025 (ਨਾਨਕਸ਼ਾਹੀ ਸੰਮਤ : ੫੫੭, ੯ ਅੱਸੂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਸ਼ਾਹਰੁਖ ਖਾਨ ਅਤੇ ਰਾਣੀ ਮੁਖਰਜੀ ਨੂੰ ਮਿਲਿਆ ਰਾਸ਼ਟਰੀ ਫ਼ਿਲਮ ਐਵਾਰਡ, ਰਾਸ਼ਟਰਪਤੀ ਨੇ ਕੀਤਾ ਸਨਮਾਨਿਤ

**ਨਵੀਂ ਦਿੱਲੀ, 23 ਸਤੰਬਰ (ਆਵਾਜ਼ਿ ਕੌਮ ਬਿਊਰੋ)**-71ਵੇਂ ਰਾਸ਼ਟਰੀ ਫਿਲਮ ਪੁਰਸਕਾਰ ਸਮਾਰੋਹ ਦਾ ਅੱਜ ਦਿੱਲੀ ਵਿੱਚ ਆਯੋਜਨ ਹੋਇਆ। ਇਹ ਸਮਾਰੋਹ ਵਿਗਿਆਨ ਭਵਨ ਵਿੱਚ ਹੋਇਆ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਪੁਰਸਕਾਰ ਪ੍ਰਦਾਨ ਕੀਤੇ। ਰੇਲ ਮੰਤਰੀ ਅਸ਼ਵਨੀ ਵੈਸ਼ਨਵ ਵੀ ਮੌਜੂਦ ਸਨ। ਬਾਲੀਵੁੱਡ ਦੇ ਬਾਦਸ਼ਾਹ ਸ਼ਾਹਰੁਖ ਖਾਨ ਨੂੰ ਫਿਲਮ ਜਵਾਨ ਲਈ ਸਰਵੋਤਮ ਅਦਾਕਾਰ ਦਾ ਪੁਰਸਕਾਰ ਮਿਲਿਆ ਹੈ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸ਼ਾਹਰੁਖ ਖਾਨ ਨੂੰ ਸਨਮਾਨਿਤ ਕੀਤਾ। ਸ਼ਾਹਰੁਖ ਖਾਨ ਨੂੰ 71ਵੇਂ ਰਾਸ਼ਟਰੀ ਫਿਲਮ ਪੁਰਸਕਾਰ 2025 ਵਿੱਚ ਸਰਵੋਤਮ ਅਦਾਕਾਰ ਦਾ ਪੁਰਸਕਾਰ ਮਿਲਿਆ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਨਵੀਂ ਦਿੱਲੀ ਦੇ ਵਿਗਿਆਨ ਭਵਨ ਵਿੱਚ ਆਯੋਜਿਤ ਇੱਕ ਸ਼ਾਨਦਾਰ ਸਮਾਰੋਹ ਵਿੱਚ ਉਨ੍ਹਾਂ ਨੂੰ ਸਨਮਾਨਿਤ ਕੀਤਾ। ਸ਼ਾਹਰੁਖ ਨੇ ਇਹ ਪੁਰਸਕਾਰ ਵਿਕਰਾਂਤ ਮੈਸੀ ਨਾਲ ਸਾਂਝਾ ਕੀਤਾ। ਧਿਆਨ ਦੇਣ ਯੋਗ ਹੈ ਕਿ ਵਿਕਰਾਂਤ ਨੂੰ ਇਹ ਪੁਰਸਕਾਰ 12ਵੀਂ ਜਮਾਤ ਵਿੱਚ ਫੇਲ੍ਹ ਹੋਣ ਕਾਰਨ ਮਿਲਿਆ ਸੀ। ਇਹ ਸ਼ਾਹਰੁਖ ਖਾਨ ਦਾ ਸਰਵੋਤਮ ਅਦਾਕਾਰ ਲਈ ਪਹਿਲਾ ਰਾਸ਼ਟਰੀ ਪੁਰਸਕਾਰ ਹੈ। ਉਨ੍ਹਾਂ ਦੇ ਪ੍ਰਸ਼ੰਸਕ ਬਹੁਤ ਖੁਸ਼ ਹਨ। ਬਹੁਤ ਸਾਰੇ ਸੋਸ਼ਲ ਮੀਡੀਆ 'ਤੇ ਕਿੰਗ ਖਾਨ ਨੂੰ ਵਧਾਈਆਂ ਦੇ ਰਹੇ ਹਨ। ਬਾਲੀਵੁੱਡ ਅਦਾਕਾਰਾ ਰਾਣੀ ਮੁਖਰਜੀ ਨੂੰ ਆਸ਼ੀਮਾ ਛਿਬਰ ਦੀ ਫਿਲਮ, ਸ਼੍ਰੀਮਤੀ ਚੈਟਰਜੀ ਬਨਾਮ ਨਾਰਵੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਲਈ ਸਰਵੋਤਮ ਅਦਾਕਾਰਾ ਦਾ ਪੁਰਸਕਾਰ ਮਿਲਿਆ। ਇਹ ਫਿਲਮ ਸਾਗਰਿਕਾ ਚੱਕਰਵਰਤੀ ਅਤੇ ਅਨੁਰੂਪ ਭੱਟਾਚਾਰੀਆ ਦੀ ਸੱਚੀ ਕਹਾਣੀ ਤੋਂ ਪ੍ਰੇਰਿਤ ਹੈ, ਜਿਨ੍ਹਾਂ ਦੇ ਬੱਚਿਆਂ ਨੂੰ 2011 ਵਿੱਚ ਨਾਰਵੇਈ ਅਧਿਕਾਰੀਆਂ ਨੇ ਉਨ੍ਹਾਂ ਤੋਂ ਖੋਹ ਲਿਆ ਸੀ।

# ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਵਾਲੀ ਵੀਡੀਓ 'ਤੇ ਹੈੱਡ ਗ੍ਰੰਥੀ ਗਿਆਨੀ ਰਘਵੀਰ ਸਿੰਘ ਵੱਲੋਂ ਦਾ ਸਖ਼ਤ ਤਾੜਨਾ

**ਅੰਮ੍ਰਿਤਸਰ, 23 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਵੀਰ ਸਿੰਘ ਜੀ ਨੇ ਅੱਜ ਪ੍ਰੈਸ ਨਾਲ ਗੱਲਬਾਤ ਕਰਦਿਆਂ ਗਹਿਰੀ ਚਿੰਤਾ ਪ੍ਰਗਟਾਈ।



ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੁੱਚੀ ਮਨੁੱਖਤਾ ਲਈ ਆਸਥਾ ਤੇ ਵਿਸ਼ਵਾਸ ਦਾ ਕੇਂਦਰ ਹੈ। ਹਰ ਕੋਈ ਧਰਮ ਪ੍ਰੇਮੀ ਇੱਥੇ ਆ ਕੇ ਮੱਥਾ ਟੇਕਦਾ ਅਤੇ ਗੁਰੂ ਚਰਨਾਂ ਵਿੱਚ ਅਰਦਾਸ ਕਰਦਾ ਹੈ। ਪਰ ਦੁੱਖ ਦੀ ਗੱਲ ਹੈ ਕਿ ਪਿਛਲੇ ਕੁਝ ਸਮੇਂ ਤੋਂ ਸੋਸ਼ਲ ਮੀਡੀਆ ਤੇ ਨਵੀਂ ਤਕਨੀਕ ਏਆਈ (AI) ਦੀ ਵਰਤੋਂ ਕਰਕੇ ਪਾਵਨ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਤੀ ਬੇਅਦਬੀ ਵਾਲੀਆਂ ਵੀਡੀਓਜ਼ ਤਿਆਰ ਕਰਕੇ ਅਪਲੋਡ ਕੀਤੀਆਂ ਜਾ ਰਹੀਆਂ ਹਨ। ਹਾਲ ਹੀ ਵਿੱਚ ਇੱਕ ਵੀਡੀਓ ਵਿੱਚ ਗੁਰੂ ਸਾਹਿਬ ਦੇ ਪ੍ਰਕਾਸ਼ ਅਸਥਾਨ ਤੇ ਸੂਰ, ਗਧੇ ਆਦਿਕ ਦਰਸਾ ਕੇ ਰੁਮਾਲਾ ਖਿੱਚਣ ਵਰਗੇ ਘਟੀਆ ਦ੍ਰਿਸ਼ ਦਿਖਾਏ ਗਏ ਹਨ, ਜੋ ਸਾਰੀ ਸੰਗਤ ਦੇ ਮਨ ਨੂੰ ਗਹਿਰਾਈ ਨਾਲ ਦੁਖੀ ਕਰ ਰਹੇ ਹਨ। ਗਿਆਨੀ ਰਘਵੀਰ ਸਿੰਘ ਜੀ ਨੇ ਦੱਸਿਆ ਕਿ ਮੈਨੇਜਰ ਸਾਹਿਬ ਵੱਲੋਂ ਇਸ ਸਬੰਧੀ ਐਫ.ਆਈ.ਆਰ. ਦਰਜ ਕਰਵਾਈ ਜਾ ਰਹੀ ਹੈ ਅਤੇ ਪ੍ਰਸ਼ਾਸਨ ਨੂੰ ਕਿਹਾ ਕਿ ਜਿਸ ਸ਼ਰਾਰਤੀ ਦਿਮਾਗ ਨੇ ਆਪਸੀ ਭਾਈਚਾਰੇ ਨੂੰ ਤੋੜਨ ਦਾ ਯਤਨ ਕੀਤਾ ਹੈ ਉਸਦਾ ਪਤਾ ਲਗਾ ਕੇ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਅਪੀਲ ਕੀਤੀ ਕਿ ਜਿਵੇਂ ਕੇਂਦਰ ਸਰਕਾਰ ਨੇ ਕੁਝ ਖਤਰਨਾਕ ਗੇਮਾਂ ਨੂੰ ਬੰਦ ਕੀਤਾ ਸੀ, ਓਹੋ ਜਿਹੀ ਤਰ੍ਹਾਂ ਧਰਮਕ ਅਸਥਾਨਾਂ ਦੀ ਬੇਅਦਬੀ ਲਈ ਵਰਤੀ ਜਾਣ ਵਾਲੀ ਏਆਈ ਤਕਨੀਕ 'ਤੇ ਵੀ ਰੋਕ ਲਗਾਈ ਜਾਵੇ।

### ਸੰਗਤ ਨੂੰ ਅਪੀਲ

ਸਿੰਘ ਸਾਹਿਬ ਨੇ ਬੇਨਤੀ ਕੀਤੀ ਕਿ ਕੋਈ ਵੀ ਅਜਿਹੀ ਵੀਡੀਓ ਵਾਇਰਲ ਜਾਂ ਸ਼ੇਅਰ ਨਾ ਕੀਤੀ ਜਾਵੇ, ਸਗੋਂ ਉਸਨੂੰ ਤੁਰੰਤ ਰਿਪੋਰਟ ਕੀਤਾ ਜਾਵੇ ਤਾਂ ਜੋ ਉਹ ਬੈਨ ਹੋ ਸਕੇ ਅਤੇ ਅੱਗੇ ਤੁਰ ਕੇ ਆਪਸੀ ਭਾਈਚਾਰਕ ਸਾਂਝ ਮਜ਼ਬੂਤ ਰਹੇ।

## ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਨੂੰ ਉਮਰ ਕੈਦ ਵਿੱਚ ਬਦਲਣ ਸਬੰਧੀ ਰਿੱਟ ਪਟੀਸ਼ਨ 'ਤੇ ਸੁਣਵਾਈ ਅੱਜ

### ਤਿੰਨ ਜੱਜਾਂ ਦੇ ਬੈਂਚ ਅੱਗੇ ਹੋਵੇਗੀ ਕਾਰਵਾਈ

**ਨਵੀਂ ਦਿੱਲੀ, 24 ਸਤੰਬਰ (ਐਡਵੋਕੇਟ ਜਸਪਾਲ ਸਿੰਘ ਮੰਝਪੁਰ ਦੀ ਸੂਚਨਾ ਅਨੁਸਾਰ)** - ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਸਬੰਧੀ ਰਿੱਟ ਪਟੀਸ਼ਨ ਦੀ ਸੁਣਵਾਈ ਅੱਜ ਹੋ ਰਹੀ ਹੈ। ਇਹ ਸੁਣਵਾਈ ਸਪਰੀਮ ਕੋਰਟ ਦੇ ਤਿੰਨ ਜੱਜਾਂ ਦੇ ਖ਼ਾਸ ਬੈਂਚ ਵੱਲੋਂ ਕੀਤੀ ਜਾ ਰਹੀ ਹੈ। ਇਸ ਬੈਂਚ ਵਿੱਚ ਜਸਟਿਸ ਵਿਕਰਮ ਨਾਥ, ਜਸਟਿਸ ਸੰਦੀਪ ਮਹਿਤਾ ਅਤੇ ਜਸਟਿਸ ਐੱਨ.ਵੀ. ਅੰਜਾਰੀਆ ਸ਼ਾਮਲ ਹਨ। ਇਸ ਕੇਸ ਨੂੰ ਸਿੱਖ ਜਥੇਬੰਦੀਆਂ ਵੱਲੋਂ ਲੰਬੇ ਸਮੇਂ ਤੋਂ ਚਰਚਾ ਦਾ ਵਿਸ਼ਾ ਬਣਾਇਆ ਜਾ ਰਿਹਾ ਹੈ ਅਤੇ ਭਾਈ ਰਾਜੋਆਣਾ ਦੀ ਰਿਹਾਈ ਲਈ ਵੱਖ-ਵੱਖ ਪੱਧਰਾਂ 'ਤੇ ਕੋਸ਼ਿਸ਼ਾਂ ਚੱਲ ਰਹੀਆਂ ਹਨ। ਸਿੱਖ ਸੰਗਤਾਂ ਵੱਲੋਂ ਅਰਦਾਸ ਕੀਤੀ ਜਾ ਰਹੀ ਹੈ ਕਿ ਵਾਹਿਗੁਰੂ ਸੱਚੇ ਪਾਤਸ਼ਾਹ ਦੀ ਮੇਹਰ ਨਾਲ ਭਾਈ ਬਲਵੰਤ ਸਿੰਘ ਰਾਜੋਆਣਾ ਸਮੇਤ ਸਾਰੇ ਬੰਦੀ ਸਿੱਖਾਂ ਨੂੰ ਰਿਹਾਈ ਮਿਲੇ।




## ਪੰਜਾਬ 'ਚ ਵੱਡੀ ਵਾਰਦਾਤ, ਰੈਪਰ ਦੇ ਕਰੀਬੀ ਮੁੰਡਿਆਂ ਨੂੰ ਮਾਰ 'ਤੀਆਂ ਗੋਲੀਆਂ, ਦੋਵਾਂ ਦੀ ਮੌਤ

**ਤਰਨਤਾਰਨ, 23 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਤਰਨਤਾਰਨ ਜ਼ਿਲ੍ਹੇ ਵਿਚ ਦੇਰ ਸ਼ਾਮ ਦੋ ਧੜਿਆਂ ਵਿਚਾਲੇ ਹੋਈ ਅੰਨ੍ਹੇਵਾਹ ਗੋਲੀਬਾਰੀ ਵਿਚ 2 ਨੌਜਵਾਨਾਂ ਦੀ ਮੌਤ ਹੋ ਗਈ ਹੈ।



ਮਿਲੀ ਜਾਣਕਾਰੀ ਮੁਤਾਬਕ, ਦੋਵੇਂ ਮ੍ਰਿਤਕ ਰੈਪਰ ਅਤੇ ਸੋਸ਼ਲ ਮੀਡੀਆ ਇਨਫਲੂਐਂਸਰ ਜਸ ਧਾਲੀਵਾਲ ਦੇ ਕਰੀਬੀ ਦੱਸੇ ਜਾ ਰਹੇ ਹਨ। ਇਸ ਘਟਨਾ ਤੋਂ ਬਾਅਦ ਗੈਂਗਸਟਰ ਗੋਪੀ ਘਨਸ਼ਾਮਪੁਰੀਆ ਗੈਂਗ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਵਾਇਰਲ ਕਰਕੇ ਇਨ੍ਹਾਂ ਕਤਲਾਂ ਦੀ ਜ਼ਿੰਮੇਵਾਰੀ ਲਈ ਹੈ। ਪੁਲਸ ਇਸ ਸੋਸ਼ਲ ਮੀਡੀਆ ਪੋਸਟ ਦੀ ਵੀ ਜਾਂਚ ਕਰ ਰਹੀ ਹੈ।

ਜਾਣਕਾਰੀ ਅਨੁਸਾਰ, ਸੋਮਵਾਰ ਸ਼ਾਮ ਕਰੀਬ 5 ਵਜੇ ਪਿੰਡ ਕੈਰੋਂ ਨੇੜੇ ਰੇਲਵੇ ਫਾਟਕ ਕੋਲ ਦੋ ਧੜੇ ਆਹਮੋ-ਸਾਹਮਣੇ ਹੋ ਗਏ। ਇਸ ਦੌਰਾਨ ਗੱਡੀਆਂ 'ਚ ਆਏ ਹਮਲਾਵਰਾਂ ਨੇ ਫਾਰਚੂਨਰ ਗੱਡੀ ਨੂੰ ਘੇਰ ਕੇ ਅੰਨ੍ਹੇਵਾਹ ਗੋਲੀਆਂ ਚਲਾਈਆਂ। ਦੋਵਾਂ ਪਾਸਿਆਂ ਤੋਂ ਕਰੀਬ 8 ਤੋਂ 10 ਰਾਊਂਡ ਫਾਇਰਿੰਗ ਹੋਈ, ਜਿਸ ਵਿਚ ਸਮਰਪ੍ਰੀਤ ਸਿੰਘ ਅਤੇ ਸੌਰਵ ਸਿੰਘ ਗੰਭੀਰ ਜ਼ਖ਼ਮੀ ਹੋ ਗਏ। ਉਨ੍ਹਾਂ ਨੂੰ ਤਰਨਤਾਰਨ ਦੇ ਇਕ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਸਮਰਪ੍ਰੀਤ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ ਜਦਕਿ ਸੌਰਵ ਦੀ ਹਾਲਤ ਗੰਭੀਰ ਬਣੀ ਹੋਈ ਸੀ, ਜਿਸ ਕਾਰਨ ਡਾਕਟਰਾਂ ਵਲੋਂ ਉਸਨੂੰ ਅੰਮ੍ਰਿਤਸਰ ਰੈਫਰ ਕਰ ਦਿੱਤਾ ਗਿਆ ਪਰ ਦੇਰ ਰਾਤ ਅੰਮ੍ਰਿਤਸਰ ਵਿੱਚ ਇਲਾਜ ਦੌਰਾਨ ਸੌਰਵ ਦੀ ਵੀ ਮੌਤ ਹੋ ਗਈ। ਮ੍ਰਿਤਕ ਸਮਰਪ੍ਰੀਤ ਸਿੰਘ 19 ਸਾਲਾਂ ਦਾ ਸੀ ਜੋ ਕਿ ਪਿੰਡ ਕਰਮੂਵਾਲ ਤੇ ਸੋਰਵਪ੍ਰੀਤ ਸਿੰਘ (18) ਪੁੱਤਰ ਹਰਜੀਤ ਸਿੰਘ ਪਿੰਡ ਮਰਹਾਣਾ ਦਾ ਰਹਿਣ ਵਾਲਾ ਸੀ।

ਪੁਲਸ ਸੂਤਰਾਂ ਅਨੁਸਾਰ, ਇਹ ਮਾਮਲਾ ਸੋਸ਼ਲ ਮੀਡੀਆ 'ਤੇ ਚੱਲ ਰਹੇ ਵਿਵਾਦ ਨਾਲ ਜੁੜਿਆ ਹੋਇਆ ਹੈ। ਦੱਸਿਆ ਜਾ ਰਿਹਾ ਹੈ ਕਿ ਕੁਝ ਸਮਾਂ ਪਹਿਲਾਂ ਪੰਡੋਰੀ ਪਿੰਡ ਦੇ ਸੋਸ਼ਲ ਮੀਡੀਆ ਇਨਫਲੂਐਂਸਰ ਮਹਿਕ ਪੰਡੋਰੀ ਨੇ ਰੈਪਰ ਜਸ ਧਾਲੀਵਾਲ ਦੀ ਇਕ ਵੀਡੀਓ ਸਾਂਝੀ ਕੀਤੀ ਸੀ, ਜਿਸ ਤੋਂ ਬਾਅਦ ਮਹਿਕ 'ਤੇ ਹਮਲਾ ਕਰਕੇ ਉਸ ਦੀ ਕੁੱਟਮਾਰ ਕੀਤੀ ਗਈ ਸੀ। ਇਸੇ ਵਿਵਾਦ ਕਾਰਨ ਦੋਵਾਂ ਧਿਰਾਂ ਵਿਚ ਤਣਾਅ ਵਧ ਗਿਆ ਸੀ।

ਘਟਨਾ ਤੋਂ ਬਾਅਦ ਐੱਸ.ਪੀ. ਰਿਪੁਤਪਨ ਸਿੰਘ, ਡੀ.ਐੱਸ.ਪੀ. ਲਵਕੇਸ਼ ਸੈਣੀ ਅਤੇ ਹੋਰ ਪੁਲਸ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਇਸ ਪਹਿਲੂ ਦੀ ਜਾਂਚ ਕਰ ਰਹੀ ਹੈ ਕਿ ਕੀ ਇਹ ਗੈਂਗਵਾਰ ਪੂਰੀ ਤਰ੍ਹਾਂ ਸੋਸ਼ਲ ਮੀਡੀਆ ਤੋਂ ਪੈਦਾ ਹੋਈ ਦੁਸ਼ਮਣੀ ਦਾ ਨਤੀਜਾ ਹੈ।

## ਪੰਜਾਬ ਨੂੰ ਕੇਂਦਰ ਸਰਕਾਰ ਦੀ ਸੌਗਾਤ !ਫਿਰੋਜ਼ਪੁਰ ਲਈ ਨਵੀਂ ਵੰਦੇ ਭਾਰਤ ਰੇਲਗੱਡੀ ਦਾ ਐਲਾਨ

**ਨਵੀਂ ਦਿੱਲੀ, 23 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਅਤੇ ਫਿਰੋਜ਼ਪੁਰ ਕੈਂਟ ਦੇ ਵਿਚਕਾਰ ਇੱਕ ਨਵੀਂ ਵੰਦੇ ਭਾਰਤ ਟ੍ਰੇਨ ਦਾ ਐਲਾਨ ਕੀਤਾ ਗਿਆ ਹੈ। ਮੰਗਲਵਾਰ (23 ਸਤੰਬਰ) ਨੂੰ ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਅਤੇ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਐਲਾਨ ਕੀਤਾ ਕਿ ਇਹ ਟ੍ਰੇਨ ਬੁੱਧਵਾਰ ਨੂੰ ਛੱਡ ਕੇ ਹਫ਼ਤੇ ਵਿੱਚ ਛੇ ਦਿਨ ਚੱਲੇਗੀ। ਇਹ ਟ੍ਰੇਨ ਦਿੱਲੀ ਅਤੇ ਫਿਰੋਜ਼ਪੁਰ ਦੇ ਵਿਚਕਾਰ ਸੱਤ ਸਟੇਸ਼ਨਾਂ 'ਤੇ ਰੁਕੇਗੀ। ਇਹ ਟ੍ਰੇਨ ਫਿਰੋਜ਼ਪੁਰ ਕੈਂਟ ਤੋਂ ਸਵੇਰੇ 7:55 ਵਜੇ ਰਵਾਨਾ ਹੋਵੇਗੀ ਅਤੇ 6 ਘੰਟੇ 40 ਮਿੰਟ ਦੀ ਯਾਤਰਾ ਕਰਦਿਆਂ ਦੁਪਹਿਰ 2:35 ਵਜੇ ਦਿੱਲੀ ਪਹੁੰਚੇਗੀ। ਇਸੇ ਤਰ੍ਹਾਂ, ਇਹ ਦਿੱਲੀ ਤੋਂ ਸ਼ਾਮ 4 ਵਜੇ ਰਵਾਨਾ ਹੋਵੇਗੀ ਅਤੇ ਰਾਤ 10:35 ਵਜੇ ਫਿਰੋਜ਼ਪੁਰ ਕੈਂਟ ਪਹੁੰਚੇਗੀ। ਫਿਰੋਜ਼ਪੁਰ ਕੈਂਟ ਤੋਂ ਰਵਾਨਾ ਹੋਣ ਤੋਂ ਬਾਅਦ, ਵੰਦੇ ਭਾਰਤ ਟ੍ਰੇਨ ਫਰੀਦਕੋਟ, ਬਠਿੰਡਾ, ਧੂਰੀ, ਪਟਿਆਲਾ ਹੁੰਦੀ ਹੋਈ ਯਾਤਰਾ ਕਰੇਗੀ ਤੇ ਹਰਿਆਣਾ ਦੇ ਅੰਬਾਲਾ ਕੈਂਟ, ਕੁਰੂਕਸ਼ੇਤਰ ਅਤੇ ਪਾਣੀਪਤ ਵਿਖੇ ਰੁਕੇਗੀ। ਇਸੇ ਤਰ੍ਹਾਂ, ਟ੍ਰੇਨ ਆਪਣੀ ਵਾਪਸੀ ਯਾਤਰਾ 'ਤੇ ਇਨ੍ਹਾਂ ਸਟੇਸ਼ਨਾਂ 'ਤੇ ਵੀ ਰੁਕੇਗੀ। ਅਸ਼ਵਨੀ ਵੈਸ਼ਨਵ ਨੇ ਇਹ ਵੀ ਕਿਹਾ ਕਿ ਰਾਜਪੁਰਾ ਤੋਂ ਮੋਹਾਲੀ ਤੱਕ ਨਵੀਂ ਰੇਲਵੇ ਲਾਈਨ ਦਹਾਕਿਆਂ ਪੁਰਾਣੀ ਮੰਗ ਨੂੰ ਪੂਰਾ ਕਰੇਗੀ ਅਤੇ ਮਾਲਵਾ ਖੇਤਰ ਅਤੇ ਚੰਡੀਗੜ੍ਹ ਵਿਚਕਾਰ ਸੰਪਰਕ ਨੂੰ ਬਿਹਤਰ ਬਣਾਏਗੀ। ਰਾਜਪੁਰਾ-ਮੋਹਾਲੀ ਨਵੀਂ ਲਾਈਨ 18 ਕਿਲੋਮੀਟਰ ਲੰਬੀ ਹੈ ਅਤੇ ਇਸ ਦੀ ਲਗਭਗ ਲਾਗਤ 443 ਕਰੋੜ ਰੁਪਏ ਦੀ ਲਾਗਤ ਆਵੇਗੀ। ਇਸ ਰੇਲਵੇ ਲਾਈਨ ਦੇ ਬਣਨ ਨਾਲ ਚੰਡੀਗੜ੍ਹ ਸਮੇਤ ਸਾਰੇ ਪੰਜਾਬ ਦੇ ਲੋਕਾਂ ਨੂੰ ਫਾਇਦਾ ਹੋਵੇਗਾ। ਕਿਉਂਕਿ ਜਦੋਂ ਰਾਜਪੁਰਾ ਲਾਈਨ ਤਿਆਰ ਹੋ ਜਾਵੇਗੀ, ਤਾਂ ਸਰਹਿੰਦ, ਲੁਧਿਆਣਾ, ਜਲੰਧਰ ਸਮੇਤ ਹੋਰ ਸ਼ਹਿਰਾਂ ਅਤੇ ਰਾਜਾਂ ਵਿੱਚ ਜਾਣਾ ਆਸਾਨ ਹੋ ਜਾਵੇਗਾ। ਪਹਿਲਾਂ ਰੇਲ ਸਿੱਧੀ ਅੰਬਾਲਾ ਜਾਂਦੀ ਸੀ ਅਤੇ ਫਿਰ ਚੰਡੀਗੜ੍ਹ ਵਾਪਸ ਆਉਂਦੀ ਸੀ। ਹੁਣ ਰਾਜਪੁਰਾ ਵਿੱਚ ਸਰਾਇਆ ਬੰਜਾਰਾ ਸਟੇਸ਼ਨ ਤੋਂ ਟ੍ਰੈਕ ਜੁੜੇਗਾ। ਦੋਹਾਂ ਸਟੇਸ਼ਨਾਂ ਦੇ ਵਿਚਕਾਰ ਪਹਿਲਾਂ 66 ਕਿਲੋਮੀਟਰ ਦੀ ਦੂਰੀ ਸੀ। ਇਸ ਨਾਲ ਲੋਕਾਂ ਦੀ ਯਾਤਰਾ ਦੂਰੀ ਘੱਟ ਹੋਵੇਗੀ। ਰਾਜਪੁਰਾ-ਮੋਹਾਲੀ ਨਵੀਂ ਲਾਈਨ 18 ਕਿਲੋਮੀਟਰ ਲੰਬੀ ਲਾਈਨ ਹੈ। ਇਸ 'ਤੇ ਲਗਭਗ 443 ਕਰੋੜ ਰੁਪਏ ਦੀ ਲਾਗਤ ਆਵੇਗੀ। ਇਸ ਰੇਲਵੇ ਲਾਈਨ ਦੇ ਨਿਰਮਾਣ ਨਾਲ ਚੰਡੀਗੜ੍ਹ ਸਮੇਤ ਸਾਰੇ ਪੰਜਾਬ ਨੂੰ ਫਾਇਦਾ ਹੋਵੇਗਾ। ਰਾਜਪੁਰਾ ਲਾਈਨ ਨਾਲ ਸਰਹਿੰਦ, ਲੁਧਿਆਣਾ, ਜਲੰਧਰ ਅਤੇ ਹੋਰ ਰਾਜਾਂ ਦੀ ਯਾਤਰਾ ਆਸਾਨ ਹੋ ਜਾਵੇਗੀ। ਪਹਿਲਾਂ, ਰੇਲਗੱਡੀ ਸਿੱਧੀ ਅੰਬਾਲਾ ਜਾਂਦੀ ਸੀ ਅਤੇ ਫਿਰ ਚੰਡੀਗੜ੍ਹ ਤੋਂ ਵਾਪਸ ਆਉਂਦੀ ਸੀ। ਹੁਣ, ਰਾਜਪੁਰਾ-ਮੁਹਾਲੀ ਲਾਈਨ ਰਾਜਪੁਰਾ ਦੇ ਸਰਾਏ ਬੰਜਾਰਾ ਸਟੇਸ਼ਨ ਨਾਲ ਜੁੜੇਗੀ। ਦੋਵਾਂ ਸਟੇਸ਼ਨਾਂ ਵਿਚਕਾਰ ਦੂਰੀ 66 ਕਿਲੋਮੀਟਰ ਸੀ, ਅਤੇ ਲੋਕਾਂ ਦੀ ਯਾਤਰਾ ਦੀ ਦੂਰੀ ਘੱਟ ਜਾਵੇਗੀ।



ਮੰਤਰੀ ਨੇ ਕਿਹਾ ਕਿ ਵਰਤਮਾਨ ਵਿੱਚ ਰੇਲਵੇ ਨੇ ਪੰਜਾਬ ਵਿੱਚ ਲਗਭਗ ?25,000 ਕਰੋੜ ਦਾ ਨਿਵੇਸ਼ ਕੀਤਾ ਹੈ। ਰਾਜ ਵਿੱਚ 407 ਅੰਡਰਪਾਸ ਅਤੇ ਫਲਾਈਓਵਰ ਬਣਾਏ ਗਏ ਹਨ। ਇਸ ਤੋਂ ਇਲਾਵਾ, 30 ਨਵੇਂ ਅੰਮ੍ਰਿਤ ਸਟੇਸ਼ਨ ਬਣਾਏ ਜਾ ਰਹੇ ਹਨ, ਹਰੇਕ ਦੀ ਲਾਗਤ ਲਗਭਗ 20 ਰੁਪਏ ਕਰੋੜ ਹੈ। ਪੰਜਾਬ ਦੀ 1,634 ਕਿਲੋਮੀਟਰ ਰੇਲਵੇ ਲਾਈਨ ਨੂੰ ਪੂਰੀ ਤਰ੍ਹਾਂ ਬਿਜਲੀ ਦਿੱਤੀ ਗਈ ਹੈ।

## ਸਿਆਸਤ 'ਚ ਆਉਣਗੇ ਮਨਕੀਰਤ ਔਲਖ ! 'ਆਪ' ਜਾਂ ਭਾਜਪਾ ਕੌਣ ਕਰ ਰਿਹੈ ਅਪਰੋਚ

**ਚੰਡੀਗੜ੍ਹ, 23 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ 'ਚ ਆਏ ਹੜ੍ਹਾਂ ਦੌਰਾਨ ਲੋੜਵੰਦਾਂ ਦੀ ਨਿੱਜੀ ਤੌਰ 'ਤੇ ਮਦਦ ਕਰਕੇ ਚਰਚਾ 'ਚ ਆਏ ਪੰਜਾਬੀ ਗਾਇਕ ਮਨਕੀਰਤ ਔਲਖ ਦੀ ਸੇਵਾ ਭਾਵਨਾ ਦੀ ਜਿੱਥੇ ਵੱਡੇ ਪੱਧਰ 'ਤੇ ਤਾਰੀਫ਼ ਹੋ ਰਹੀ ਹੈ, ਉੱਥੇ ਹੀ ਉਨ੍ਹਾਂ ਦੇ ਸਿਆਸਤ 'ਚ ਆਉਣ ਬਾਰੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਹੋ ਰਹੇ ਹਨ। 'ਜਗਬਾਣੀ' ਨਾਲ ਇਕ ਵਿਸ਼ੇਸ਼ ਗੱਲਬਾਤ ਦੌਰਾਨ, ਮਨਕੀਰਤ ਔਲਖ ਨੇ ਇਨ੍ਹਾਂ ਅਫ਼ਵਾਹਾਂ 'ਤੇ ਪੂਰੀ ਤਰ੍ਹਾਂ ਰੋਕ ਲਾਉਂਦਿਆਂ ਭਵਿੱਖ 'ਚ ਸਿਆਸਤ 'ਚ ਉਤਰਨ ਤੋਂ ਸਾਫ਼ ਇਨਕਾਰ ਕਰ ਦਿੱਤਾ।



ਮਨਕੀਰਤ ਔਲਖ ਨੂੰ ਸਭ ਤੋਂ ਅਹਿਮ ਸਵਾਲ ਪੁੱਛਿਆ ਗਿਆ ਕਿ ਕੀ ਉਹ ਸਿਆਸਤ ਜੁਆਇਨ ਕਰਨਗੇ ਜਾਂ ਕੀ ਉਨ੍ਹਾਂ ਦੇ ਪਿੱਛੇ ਭਾਜਪਾ ਜਾਂ ਆਮ ਆਦਮੀ ਪਾਰਟੀ ਵਰਗੀ ਕਿਸੇ ਪਾਰਟੀ ਦਾ ਕੋਈ ਲੀਡਰ ਹੈ। ਇਸ ਦਾ ਜਵਾਬ ਦਿੰਦਿਆਂ ਔਲਖ ਨੇ ਸਪੱਸ਼ਟ ਕੀਤਾ, "ਨਹੀਂ ਐਵੇਂ ਨ੍ਹੀਂ ਆਪਾਂ ਰੱਬ ਨੂੰ ਜਾਨ ਦੇਣੀ ਆ।" ਉਨ੍ਹਾਂ ਨੇ ਖੁਲਾਸਾ ਕੀਤਾ ਕਿ ਉਹ ਇਕ ਆਰਟਿਸਟ ਹਨ ਅਤੇ ਉਹ ਸਾਰੀ ਉਮਰ ਆਰਟਿਸਟ ਹੀ ਰਹਿਣਾ ਚਾਹੁੰਦੇ ਹਨ। ਉਨ੍ਹਾਂ ਦੀ ਇੱਛਾ ਹੈ ਕਿ ਉਹ ਬੁਢਾਪੇ 'ਚ ਵੀ 'ਸੁਪਰ ਡੁਪਰ ਹਿੱਟ' ਗਾਣੇ ਕੱਢਣ।

ਮਨਕੀਰਤ ਔਲਖ ਨੇ ਦੱਸਿਆ ਕਿ ਉਨ੍ਹਾਂ ਦਾ ਸਾਰੀਆਂ ਰਾਜਨੀਤਿਕ ਪਾਰਟੀਆਂ, ਭਾਵੇਂ ਉਹ BJP ਹੋਵੇ, ਆਮ ਆਦਮੀ ਪਾਰਟੀ ਹੋਵੇ ਜਾਂ ਸੁਖਬੀਰ ਬਾਦਲ ਜਾਂ ਕਾਂਗਰਸ ਹੋਵੇ- ਸਾਰਿਆਂ ਨਾਲ ਪਿਆਰ ਹੈ। ਉਨ੍ਹਾਂ ਨੇ ਅਖਿਲੇਸ਼ ਯਾਦਵ ਜੀ ਦੀ ਪਾਰਟੀ ਨਾਲ ਵੀ ਆਪਣੇ ਪਿਆਰ ਦਾ ਜ਼ਿਕਰ ਕੀਤਾ, ਕਿਉਂਕਿ ਉਹ ਇਕ ਆਰਟਿਸਟ ਹਨ ਅਤੇ ਉਨ੍ਹਾਂ ਦਾ ਆਲ ਓਵਰ ਇੰਡੀਆ ਸਾਰਿਆਂ ਨਾਲ ਪਿਆਰ ਹੈ। ਸਿਆਸਤ ਤੋਂ ਦੂਰ ਰਹਿਣ ਦਾ ਮੁੱਖ ਕਾਰਨ ਦੱਸਦਿਆਂ ਉਨ੍ਹਾਂ ਕਿਹਾ ਕਿ ਜੇ ਉਹ ਚੋਣਾਂ 'ਚ ਆ ਗਏ ਤਾਂ ਉਨ੍ਹਾਂ ਦੇ ਚਾਹੁਣ ਵਾਲੇ ਇੰਨੇ ਨਹੀਂ ਰਹਿਣਗੇ, ਕਿਉਂਕਿ ਉਨ੍ਹਾਂ 'ਤੇ ਇਕ ਪਾਰਟੀ ਦਾ ਅਟੈਕ ਲੱਗ ਜਾਊਗਾ (ਇੱਕ ਪਾਰਟੀ ਦਾ ਟੈਗ ਲੱਗ ਜਾਵੇਗਾ)। ਉਨ੍ਹਾਂ ਦਾ ਮੰਨਣਾ ਹੈ ਕਿ ਰਾਜਨੀਤੀ 'ਚ ਕਈ ਵਾਰ ਅਜਿਹੇ ਕੰਮ ਕਰਨੇ ਪੈਂਦੇ ਹਨ ਜਿਹੜੇ ਮਨੁੱਖ ਨੂੰ ਉਸ ਦੇ ਸੁਭਾਅ ਤੋਂ ਹਟ ਕੇ ਕਰਨੇ ਪੈਂਦੇ ਹਨ ਜਾਂ 'ਮਾੜੇ ਕਰਨੇ ਵੀ ਪੈਂਦੇ ਆ' ਅਤੇ ਉਨ੍ਹਾਂ ਕਿਹਾ ਕਿ "ਸੋ ਮੈਂ ਇਨ੍ਹਾਂ ਚੀਜ਼ਾਂ ਲਈ ਨਹੀਂ ਬਣਿਆ।"

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥







ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ, ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਗੁਰਤਗੱਦੀ ਦਿਵਸ, ਮਾਤਾ ਸਾਹਿਬ ਕੌਰ ਜੀ ਦਾ ਜਨਮ ਦਿਹਾੜਾ, ਭਾਈ ਮਤੀ ਦਾਸ, ਭਾਈ ਸਤੀ ਰਾਮ, ਭਾਈ ਦਿਆਲ ਦਾਸ, ਭਾਈ ਜੈਤਾ ਅਤੇ ਭਾਈ ਲੱਖੀ ਸ਼ਾਹ ਬਨਜਾਰਾ ਨੂੰ ਸਮਰਪਿਤ



# 29ਵਾਂ ਸਲਾਨਾ ਗੁਰਮਤਿ ਸਮਾਗਮ



ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਗੁਰਦੁਆਰਾ ਸ਼ਹੀਦਾਂ, ਪਿੰਡ ਜੱਸੋਵਾਲ (ਬੀਹੜਾਂ) ਬੱਬਰਾਂ ਦੇ ਹਾਈ ਕੋਰਟ

20 ਅਕਤੂਬਰ ਦਿਨ ਸੋਮਵਾਰ ਤੋਂ 1 ਨਵੰਬਰ ਦਿਨ ਸ਼ਨੀਵਾਰ ਤੱਕ 13 ਦਿਨ ਸਮਾਗਮ

**ਮਿਤੀ 1 ਨਵੰਬਰ 2025 ਦਿਨ ਸ਼ਨੀਵਾਰ**

ਨੂੰ ਸ੍ਰੀ ਅਖੰਡ ਪਾਠ ਸਾਹਿਬਾਂ ਜੀ ਦੇ ਭੋਗ ਉਪਰੰਤ ਦੀਵਾਨ ਸਜਣਗੇ।

ਗੁਰੂ ਦੇ ਲੰਗਰ ਅਤੇ ਚਾਹ-ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।



ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ

1 ਨਵੰਬਰ 2025 ਦਿਨ ਸ਼ਨੀਵਾਰ ਨੂੰ

ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ 10-00 ਵਜੇ ਸਵੇਰੇ

ਖੁੱਲ੍ਹੇ ਪੰਡਾਲ ਵਿੱਚ ਸਵੇਰੇ 10-00 ਵਜੇ ਤੋਂ ਸ਼ਾਮ 4-00 ਵਜੇ ਤੱਕ ਦੀਵਾਨ ਸਜਣਗੇ।



## ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ

ਦਮਦਮੀ ਟਕਸਾਲ

ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਮੁੱਖ ਬੁਲਾਰਾ ਅੰਤਰਰਾਸ਼ਟਰੀ ਇੰਟਰਨੈਸ਼ਨਲ ਪੰਥਕ ਦਲ

ਮੋ: 98141-27470, 73408-35137

ਜਾਰੀ ਕਰਤਾ :- ਜਰਨੈਲ ਸਿੰਘ ਢਿੱਲੋਂ, 84278-66404



ਆਵਾਜ਼ਿ ਕੌਮ AWAZE QAUM International Newspaper & WEB TV

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar



www.damdamitaksal.net

Physical death i do not fear
death of conscience is a sure death

Sant Jarnail Singh Ji Khalsa Bhindranwale

www.damdamitaksal.net




ਨਾਮ ਜਪੋ
ਕਿਰਤ ਕਰੋ
ਵੰਡ ਛੱਕੋ

Naam Japo
Kirat Karo
Vand Shako

ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫਤਹਿ॥ WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net

ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7l
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

ਦੇਗ ਤੇਗ ਫ਼ਤਿਹ – ਪੰਥ ਕੀ ਜੀਤ

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

ਨੌਵੇ ਪਾਤਸ਼ਾਹ ਧੰਨ-ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ
350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ
ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ
ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ-ਧੰਨ
ਮਾਤਾ ਸਾਹਿਬ ਕੌਰ ਜੀ

# ਗੁਰਮਤਿ ਸਮਾਗਮ



ਸੰਤ ਜਰਨੈਲ ਸਿੰਘ ਜੀ ਖਾਲਸਾ
ਭਿੰਡਰਾਂ ਵਾਲੇ

**1 ਨਵੰਬਰ 2025, ਦਿਨ ਸ਼ਨੀਵਾਰ ਨੂੰ**
**ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ**
ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ –20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ
ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ –1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ

ਨੋਟ : ਇਹ ਸਮਾਗਮ 13 ਦਿਨ ਚੱਲੇਗਾ ਦੇਸ਼-ਵਿਦੇਸ਼ ਤੋਂ ਸੰਗਤਾਂ ਪਹੁੰਚ ਰਹੀਆ।
ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।



ਬੇਨਤੀ ਕਰਤਾ
**ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ**
ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦੱਲ
ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404

ਸੰਪਰਕ ਨੰਬਰ
98141-27470
84278-66404
73408-35137

# ਸਾਂਝਾ ਪੰਜਾਬ

## VEG & NON-VEG INDIAN

WE CATER FOR
★★★★★









SANJHA PUNJAB
VEG & NON-VEG INDIAN
TAKE AWAY MENU

0116 291 1565
075 9999 5787
47 BELGRAVE ROAD
LEICESTER LE4 6AR
visit us : www.sanjhapunjab.co.uk
email: sanjha47@hotmail.com

SANJHA PUNJAB
VEG & NON-VEG INDIAN
0116 291 1565
visit us : www.sanjhapunjab.co.uk
email: sanjha47@hotmail.com

ALLERGY ADVICE !!
Please ask a member of staff if you have any food intolerance or allergies.


ਆਵਾਜ਼ ਕੌਮ AWAZE QAUM
International Newspaper & WEB TV


Singh Sahib Giani Malkit Singh Ji
Head Granthi Sri Akaal Takhat Sahib
Contact No -IND +91 98552 03174
America - +1(856)-473-8596
29 - 31 August
Nanak Naam Jahaaj Gurdwara
1080 Westside Ave , Jersey City , NJ 07306
5&7 Septmber
Mata GUJRI Sikh Society
11 Ellison Dr,cherry Hill,NJ08003
11 September
Guru Nanak Sikh Heritage
29 wyekoff Mills Rd,Monroe ,NJ09931
12-14 September
Philadelphia Sikh Society
6706 Garden CT Rd, Millbourne, PA19082
21 September
Garden state Sikh Association
977 Washington Vally Rd ,Basking Ridge,NJ07920
26-28 September
Guru Nanak Mission Gurdwara
138 Bauer Dr, Oakland,NJ08436
For More Information
Contact-Bhai Karamjit Singh Ji Shant
(201)694-1007
ਆਵਾਜ਼ ਕੌਮ
AWAZE QAUM
International Newspaper & WEB TV

# ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸ਼ਹੀਦੀ ਸਮਾਗਮ 5 ਅਕਤੂਬਰ ਦਿਨ ਐਤਵਾਰ ਨੂੰ




ਸ਼ਹੀਦ ਭਾਈ ਤਲਵਿੰਦਰ ਸਿੰਘ ਬੱਬਰ



ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ (ਕੈਨੇਡਾ)



ਸ਼ਹੀਦ ਭਾਈ ਅਵਤਾਰ ਸਿੰਘ ਖੰਡਾ (ਇੰਗਲੈਂਡ)



ਜਲਾਵਤਨੀ ਸਵ. ਭਾਈ ਗਜਿੰਦਰ ਸਿੰਘ ਦਲ ਖਾਲਸਾ

ਸ਼ਹੀਦ ਭਾਈ ਜੱਥੇਦਾਰ ਤਲਵਿੰਦਰ ਸਿੰਘ ਬੱਬਰ, ਭਾਈ ਗਜਿੰਦਰ ਸਿੰਘ ਦਲ ਖ਼ਾਲਸਾ, ਹਰਦੀਪ ਸਿੰਘ ਨਿੱਜਰ, ਅਵਤਾਰ ਸਿੰਘ ਖੰਡਾ , ਭਾਈ ਹਰਬੰਸ ਸਿੰਘ ਜੋਸ਼ ਜੀ ਅਤੇ ਸਮੂਹ ਕੌਮੀ ਯੋਧਿਆਂ ਅਤੇ ਸ਼ਹੀਦਾਂ ਦੀ ਯਾਦ ਨੂੰ ਸਮੱਰਪਿਤ ਸ਼ਹੀਦੀ ਸਮਾਗਮ 5 ਅਕਤੂਬਰ ਦਿਨ ਐਤਵਾਰ ਨੂੰ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਮੈਦਿਕ ਵਿਖੇ ਹੋਵੇਗਾ।

## 5 ਅਕਤੂਬਰ ਨੂੰ

ਦੁਪਿਹਰ ਇਕ ਵਜੇ ਤੋਂ 3 ਵਜੇ ਤੱਕ ਪੰਥ ਦੇ ਮਹਾਨ ਰਾਗੀ ਤੇ ਢਾਡੀ ਜੱਥਿਆਂ, ਢਾਡੀ ਜਥਾ ਜੱਥੇਦਾਰ ਹਰਮੇਲ ਸਿੰਘ ਦਿਲਬਰ, ਭਾਈ ਗੁਰਬਚਨ ਸਿੰਘ ਅਣਖੀ, ਭਾਈ ਇਕਬਾਲ ਸਿੰਘ ਜੀ ਦੇ ਜੱਥੇ ਵੱਲੋਂ ਆਪ ਜੀ ਨੂੰ ਕੀਰਤਨ ਅਤੇ ਢਾਡੀ ਵਾਰਾਂ ਨਾਲ ਨਿਹਾਲ ਕੀਤਾ ਜਾਵੇਗਾ।

ਪੰਥਕ ਬੁਲਾਰੇ ਆਪ ਜੀ ਨੂੰ ਮਹਾਨ ਸ਼ਹੀਦਾਂ ਦੀ ਜੀਵਨੀ ਤੋਂ ਜਾਣੂ ਕਰਵਾਉਣਗੇ।



ਸਵ. ਭਾਈ ਹਰਬੰਸ ਸਿੰਘ ਜੋਸ਼ ਢਾਡੀ

**ਜੱਥੇਦਾਰ ਹਰਮੇਲ ਸਿੰਘ ਦਿਲਬਰ ਅਤੇ ਦਲ ਖ਼ਾਲਸਾ ਵੱਲੋਂ ਬੇਨਤੀ ਹੈ ਕਿ ਪਰਿਵਾਰ ਸਮੇਤ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਜਰੂਰ ਪਹੁੰਚੋ ਜੀ।**

--✶ ਜਾਰੀ ਕਰਤਾ ✶--

## ਭਾਈ ਹਰਮੇਲ ਸਿੰਘ ਦਿਲਬਰ

## ਇੰਗਲੈਂਡ

ਆਵਾਜ਼ਿ ਕੌਮ AWAZE QAUM International Newspaper & WEB TV




24 ਸਤੰਬਰ ਨੂੰ ਬਰਸੀ 'ਤੇ ਵਿਸ਼ੇਸ਼

# ਪੰਥ ਪ੍ਰਕਾਸ਼ ਦੇ ਕਰਤਾ-ਗਿਆਨੀ ਗਿਆਨ ਸਿੰਘ ਨੂੰ ਯਾਦ ਕਰਦਿਆਂ

-ਭਗਵਾਨ ਸਿੰਘ ਜੌਹਲ
bhagwansinghjohal@gmail.com
ਮੋਬਾਈਲ : 98143-24040



**19ਵੀਂ ਸਦੀ** ਦੇ ਆਖਰੀ ਦਿਨਾਂ ਤੱਕ ਸਿੱਖ ਇਤਿਹਾਸ ਨੂੰ ਪਾਠਕਾਂ ਤੱਕ ਪਹੁੰਚਾਉਣ ਵਾਲੇ ਉਂਗਲਾਂ 'ਤੇ ਗਿਣਨ ਯੋਗ ਵਿਦਵਾਨ ਬਹੁਤ ਵਿਰਲੇ ਸਨ ।ਇਤਿਹਾਸ ਨੂੰ ਖੋਜਣਾ ਤੇ ਵਿਚਾਰਨਾ ਕੋਈ ਸੁਖੈਲ ਕਾਰਜ ਨਹੀਂ ।ਇਸ ਕਾਰਜ ਨੂੰ ਕਰਨ ਵਾਲੇ ਖੋਜੀ ਵਿਦਵਾਨਾਂ ਵਿੱਚੋਂ ਗਿਆਨੀ ਗਿਆਨ ਸਿੰਘ ਨੂੰ ਅੱਜ ਤੱਕ ਬੜੀ ਸ਼ਿਦਤ ਨਾਲ ਯਾਦ ਕੀਤਾ ਜਾਂਦਾ ਹੈ ।ਜਿਨ੍ਹਾਂ ਆਪਣੀ ਹਿਯਾਤੀ ਦੌਰਾਨ ਸ੍ਰੀ ਗੁਰੂ ਪੰਥ ਪ੍ਰਕਾਸ਼ ਅਤੇ ਤਵਾਰੀਖ ਗੁਰੂ ਖ਼ਾਲਸਾ ਵਰਗੇ ਮਹਾਨ ਗ੍ਰੰਥਾਂ ਦੀ ਰਚਨਾ ਕਰਕੇ ਸਿੱਖ ਸੰਗਤ ਤੋਂ ਭਰਪੂਰ ਪ੍ਰਸ਼ੰਸਾ ਪ੍ਰਾਪਤ ਕੀਤੀ ।ਗਿਆਨੀ ਗਿਆਨ ਸਿੰਘ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਵੱਲੋਂ ਆਰੰਭ ਕੀਤੀ ਨਿਰਮਲ ਸੰਪ੍ਰਦਾਇ ਦੇ ਵਿਦਵਾਨ ਤੇ ਇਤਿਹਾਸਕਾਰ ਸਨ ।ਗਿਆਨੀ ਗਿਆਨ ਸਿੰਘ ਦਾ ਜਨਮ ਸ। ਭਾਗ ਸਿੰਘ ਦੁੱਲਟ ਅਤੇ ਮਾਤਾ ਮਾਈ ਦੇਸ਼ਾਂ ਦੇ ਗ੍ਰਹਿ ਵਿਖੇ 15 ਅਪ੍ਰੈਲ 1822 ਈ: ਨੂੰ ਜ਼ਿਲ੍ਹਾ ਸੰਗਰੂਰ ਦੇ ਕਸਬੇ ਪੰਜਾਬ ਦੇ ਉੱਘੇ ਪਿੰਡ ਲੌਂਗੋਵਾਲ ਵਿੱਚ ਹੋਇਆ ।ਇਸ ਪਰਿਵਾਰ ਦਾ ਪਿਛੋਕੜ ਸ਼ਹੀਦ ਭਾਈ ਮਨੀ ਸਿੰਘ ਦੇ ਭਰਾ ਭਾਈ ਨਗਾਹੀਆ ਸਿੰਘ ਦੀ ਵੰਸ਼ ਨਾਲ ਜੁੜਦਾ ਹੈ ।ਗਿਆਨੀ ਗਿਆਨ ਸਿੰਘ ਬਚਪਨ ਤੋਂ ਹੀ ਬੜੀ ਤੇਜ ਤਰਾਰ ਬੁੱਧੀ ਦਾ ਮਾਲਕ ਸੀ ।

ਭਰ ਜਵਾਨੀ ਦੀ ਉਮਰ 18-19 ਸਾਲ ਵਿੱਚ ਮਹਾਰਾਜਾ ਪਟਿਆਲਾ ਦੀ ਫ਼ੌਜ ਵਿੱਚ ਭਰਤੀ ਹੋ ਗਿਆ ।ਇਤਿਹਾਸਕ ਜ਼ਿਕਰ ਮਿਲਦਾ ਹੈ ਕਿ 1849 ਈ: ਵਿੱਚ ਜੀਂਦ ਪਤੀ ਮਹਾਰਾਜਾ ਸਰੂਪ ਸਿੰਘ ਵਿਰੁੱਧ ਬਾਂਗਰੂਆਂ ਵੱਲੋਂ ਕੀਤੀ ਬਗਾਵਤ ਨੂੰ ਕੁਚਲਣ ਲਈ ਮਹਾਰਾਜਾ ਕਰਮ ਸਿੰਘ ਨੇ ਜੋ ਫੌਜੀ ਟੁੱਕੜੀ ਭੇਜੀ ਸੀ, ਉਸ ਵਿੱਚ ਗਿਆਨੀ ਗਿਆਨ ਸਿੰਘ ਵੀ ਸ਼ਾਮਿਲ ਸਨ ।ਇਸ ਗਹਿਗੱਚ ਲੜਾਈ ਵਿੱਚ ਜ਼ਖਮੀ ਹੋ ਕੇ ਇਨ੍ਹਾਂ ਦੀ ਇਕ ਲੱਤ ਨਕਾਰਾ ਹੋ ਗਈ ।ਹੁਣ ਫੌਜੀ ਨੌਕਰੀ ਵੀ ਖ਼ਤਮ ਹੋ ਗਈ ।ਆਰਥਿਕ ਤੰਗੀ ਨਾਲ ਪਰਿਵਾਰ ਦਾ ਗੁਜ਼ਾਰਾ ਹੋਣਾ ਵੀ ਔਖਾ ਹੋ ਗਿਆ, ਉਨ੍ਹਾਂ ਦੀ ਮਾਜ਼ੂਮੀ ਨੂੰ ਦੇਖ ਕੇ ਇਨ੍ਹਾਂ ਦੇ ਤਾਇਆ ਸ: ਪ੍ਰੇਮ ਸਿੰਘ, ਗਿਆਨੀ ਜੀ ਨੂੰ ਆਪਣੇ ਨਾਲ ਪਟਿਆਲਾ ਲੈ ਗਏ ।ਇਥੇ ਆ ਕੇ ਗ੍ਰੰਥੀ ਸਿੰਘ ਦੀ ਡਿਊਟੀ ਨਿਭਾਉਣ ਲੱਗ ਪਏ ।ਪਰ ਛੇਤੀ ਹੀ ਗ੍ਰੰਥੀ ਦੀ ਡਿਊਟੀ ਤੋਂ ਵੀ ਮਨ ਉਚਾਟ ਹੋ ਗਿਆ, ਡਿਊਟੀ ਤੋਂ ਫਾਰਗ ਹੋ ਕੇ ਬਿਹੰਗਮ ਸਾਧੂ ਬਣ ਕੇ ਦੇਸ਼ ਦਾ ਭਰਮਣ ਸ਼ੁਰੂ ਕਰ ਦਿੱਤਾ ।ਸਾਧੂ ਬਣ ਕੇ ਜਿਥੇ ਪ੍ਰਭੂ ਬੰਦਗੀ ਨੂੰ ਆਪਣੇ ਜੀਵਨ ਦਾ ਅਹਿਮ ਅੰਗ ਬਣਾ ਲਿਆ, ਉਥੇ ਵੱਖ-ਵੱਖ ਥਾਵਾਂ 'ਤੇ ਵਿਚਰਦਿਆਂ ਸਿੱਖ ਇਤਿਹਾਸ ਨਾਲ ਸੰਬੰਧਿਤ ਖੋਜ ਸਮੱਗਰੀ ਇਕੱਤਰ ਕਰਨੀ ਸ਼ੁਰੂ ਕਰ ਦਿੱਤੀ ।1857 ਈ: ਦੀ ਗ਼ਦਰ ਲਹਿਰ ਸਮੇਂ ਆਪ ਵਾਪਸ ਪੰਜਾਬ ਪਰਤ ਆਏ ।ਪੰਜਾਬ ਪਰਤ ਕੇ ਬਰਨਾਲੇ ਉੱਘੇ ਨਿਰਮਲੇ ਸੰਤਾਂ ਦੇ ਡੇਰਾ ਬਾਬਾ ਗਾਂਧਾ ਸਿੰਘ ਵਿਖੇ ਪਹੁੰਚ ਕੇ ਬਾਬਾ ਬੀਰ ਸਿੰਘ ਤੋਂ ਨਿਰਮਲ ਭੇਖ ਧਾਰਨ ਕੀਤਾ ।ਇਸ ਤੋਂ ਛੇਤੀ ਹੀ ਪਿੱਛੋਂ ਛੇਤੀ ਨਿਰਮਲ ਸੰਪ੍ਰਦਾਇ ਦੀ ਉੱਘੀ ਵਿਦਵਾਨ ਸ਼ਖ਼ਸੀਅਤ ਪੰਡਿਤ ਤਾਰਾ ਸਿੰਘ ਨਰੋਤਮ ਨਾਲ ਸੰਪਰਕ ਹੋ ਗਿਆ ।ਹੁਣ ਪੰਡਿਤ ਤਾਰਾ ਸਿੰਘ ਨਰੋਤਮ ਦੀ ਪ੍ਰੇਰਨਾ ਨਾਲ ਸਿੱਖ ਇਤਿਹਾਸ ਦੀ ਖੋਜ ਗੰਭੀਰਤਾ ਨਾਲ ਆਰੰਭ ਕੀਤੀ । ਸਭ ਤੋਂ ਪਹਿਲਾਂ 1880 ਈ: ਵਿੱਚ ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਮਹਾਨ ਰਚਨਾ ਪ੍ਰਕਾਸ਼ਿਤ ਕੀਤੀ ਗਈ ।ਇਸ ਤੋਂ ਬਾਅਦ 1891-92 ਵਿੱਚ ਤਵਾਰੀਖ ਗੁਰੂ ਖ਼ਾਲਸਾ ਦੇ ਪਹਿਲੇ ਤਿੰਨ ਭਾਗ, ਪਹਿਲਾਂ ਗੁਰਮੁੱਖੀ ਅੱਖਰਾਂ ਵਿੱਚ ਤੇ ਪਿੱਛੋਂ ਉਰਦੂ ਵਿੱਚ ਪ੍ਰਕਾਸ਼ਿਤ ਕੀਤੇ ।

ਇਹ ਦੋਨੋਂ ਮਹਾਨ ਰਚਨਾਵਾਂ ਆਪਣੇ ਸਮੇਂ ਦਾ ਮਹਾਨ ਇਤਿਹਾਸਕ ਕਾਰਜ ਸੀ । ਇਸ ਕਾਰਜ ਤੋਂ ਬਾਅਦ ਸਰੀਰਕ ਬਿਮਾਰੀ ਨੇ ਘੇਰ ਲਿਆ, ਜਦੋਂ ਥੋੜ੍ਹਾ ਤੰਦਰੁਸਤ ਹੋਏ ਤਾਂ ਮੁੜ ਗਿਆਨੀ ਜੀ ਮਹਾਰਾਜਾ ਪਟਿਆਲਾ ਪਾਸ ਆ ਗਏ ।ਆਪ ਨੇ 9 ਮਾਰਚ, 1908 ਈ: ਨੂੰ ਇਨ੍ਹਾਂ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਦੇ ਅਨੰਦ ਕਾਰਜ ਦੇ ਫਰਜਾਂ ਨੂੰ ਨਿਭਾਇਆ । ਪਟਿਆਲਾ ਰਿਆਸਤ ਦੇ ਅਹਿਲਕਾਰਾਂ ਨੇ ਜਦੋਂ ਗਿਆਨੀ ਜੀ ਵੱਲੋਂ ਕੀਤੇ ਇਤਿਹਾਸਕ ਗ੍ਰੰਥਾਂ ਨੂੰ ਵੇਖਿਆ, ਤਾਂ ਇਨ੍ਹਾਂ ਦੀਆਂ ਸਮੁੱਚੀਆਂ ਰਚਨਾਵਾਂ ਦੇ ਪ੍ਰਕਾਸ਼ਨ ਲਈ ਇਕ ਸੁਸਾਇਟੀ ਬਨਾਉਣ ਦੀ ਪ੍ਰਵਾਨਗੀ ਦਿੱਤੀ ਗਈ ।

ਗਿਆਨੀ ਗਿਆਨ ਸਿੰਘ ਨੇ ਸ੍ਰੀ ਗੁਰੂ ਪੰਥ ਪ੍ਰਕਾਸ਼ ਅਤੇ ਤਵਾਰੀਖ ਗੁਰੂ ਖ਼ਾਲਸਾ ਤੋਂ ਇਲਾਵਾ ਹੋਰ ਵੱਡੀਆਂ ਪ੍ਰਕਾਸ਼ਿਤ ਪੁਸਤਕਾਂ/ਗ੍ਰੰਥਾਂ ਵਿੱਚ ਨਿਰਮਲ ਪੰਥ ਪ੍ਰਦੀਪਕਾ, ਗੁਰਧਾਮ ਸੰਗ੍ਰਹਿ, ਖ਼ਾਲਸਾ ਧਰਮ ਪਤਿਤ ਪਾਵਨ, ਤਵਾਰੀਖ ਅੰਮ੍ਰਿਤਸਰ, ਤਵਾਰੀਖ ਲਾਹੌਰ, ਰਿਪੁਦਮਨ ਪ੍ਰਕਾਸ਼, ਭੁਪਿੰਦਰਾਨੰਦ, ਇਤਿਹਾਸ ਰਿਆਸਤ ਬਾਗੜੀਆ, ਸੂਰਜ ਪ੍ਰਕਾਸ਼ ਵਾਰਤਿਕ ਆਦਿ ਲਈ ਵਡਮੁੱਲਾ ਕਾਰਜ ਕੀਤਾ ।ਇਨ੍ਹਾਂ ਸਾਰੀਆਂ ਰਚਨਾਵਾਂ ਵਿੱਚੋਂ ਬਹੁਤ ਸਾਰੀਆਂ ਬੇਸ਼ਕੀਮਤੀ ਰਚਨਾਵਾਂ ਅਣਛਪੀਆਂ ਹੀ ਰਹਿ ਗਈਆਂ ।

ਇਸ ਮਹਾਨ ਇਤਿਹਾਸਕਾਰ ਤੇ ਸਿੱਖ ਵਿਦਵਾਨ ਨੇ ਜਿਥੇ ਸਿੱਖਾਂ ਦੀ ਮਹਾਨ ਜਥੇਬੰਦੀ ਨਿਰਮਲ ਸੰਪ੍ਰਦਾਇ ਲਈ ਬੇਮਿਸਾਲ ਕਾਰਜ ਕੀਤਾ, ਉਥੇ ਸਿੱਖ ਪੰਥ ਦੇ ਇਤਿਹਾਸਕ ਖੋਜ ਕਾਰਜਾਂ ਵਿੱਚ ਬਹੁਮੁੱਲਾ ਯੋਗਦਾਨ ਪਾਇਆ ।ਆਪਣੀ ਪੂਰੀ ਉਮਰ ਜਿਹੜੀ ਸਖਤ ਘਾਲਣਾ ਘਾਲੀ ਉਸ ਦੀ ਕੋਈ ਕੀਮਤ ਚੁਕਾਈ ਹੀ ਨਹੀਂ ਜਾ ਸਕਦੀ ।ਉਸ ਸਮੇਂ ਤੱਕ ਕੌਮ ਕੋਲ ਕੋਈ ਜਥੇਬੰਦਕ ਸੰਸਥਾਵਾਂ ਵੀ ਨਹੀਂ ਸਨ ।ਜਿਹੜੀਆਂ ਸੰਸਥਾਵਾਂ ਉਦੋਂ ਕਾਰਜਸ਼ੀਲ ਵੀ ਸਨ, ਉਹ ਆਪਣੇ ਪੈਰਾਂ ਉੱਪਰ ਅਜੇ ਚੰਗੀ ਤਰ੍ਹਾਂ ਨਾਲ ਮਜ਼ਬੂਤੀ ਨਹੀਂ ਸਨ ਫੜ ਸਕੀਆਂ ।ਗਿਆਨੀ ਜੀ ਵਡਮੁੱਲੇ ਕਾਰਜਾਂ ਨੂੰ ਸੰਪੂਰਨਾ ਦੇ ਕੇ ਆਪਣੀ ਆਯੂ ਦੇ 100ਵੇਂ ਵਰ੍ਹੇ ਵਿੱਚ 24 ਸਤੰਬਰ, 1921 ਈ: ਨੂੰ ਨਾਭਾ ਵਿਖੇ ਸੱਚਖੰਡ ਜਾ ਬਿਰਾਜੇ ।ਇਨ੍ਹਾਂ ਦੀ ਯਾਦ ਸਦੀਵੀ ਬਣੀ ਰਹੇਗੀ।



ਨਾਭਾ ਜੇਲ੍ਹ ਵਿੱਚ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਮਜੀਠੀਆ ਨਾਲ ਕੀਤੀ ਮੁਲਾਕਾਤ

# ਬਿਕਰਮ ਸਿੰਘ ਮਜੀਠੀਆ ਨੇ ਕਿਹਾ ਹੌਸਲੇ ਹਮੇਸ਼ਾ ਬੁਲੰਦ ਰਹਿਣਗੇ






**ਨਾਭਾ, 23 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਅੱਜ ਨਾਭਾ ਜੇਲ੍ਹ ਤੋਂ ਜਾਰੀ ਬਿਆਨ ਵਿੱਚ ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਜੀ ਪ੍ਰਤੀ ਡੂੰਘੀ ਸ਼ਰਧਾ ਜਤਾਈ। ਉਨ੍ਹਾਂ ਨੇ ਕਿਹਾ ਕਿ "ਦਾਸ ਦੀ ਨਾ ਤਾਂ ਇਨੀ ਹੈਸੀਅਤ ਹੈ ਨਾ ਔਕਾਤ ਹੈ। ਮੈਂ ਇੱਕ ਨਿਮਾਣਾ ਭੁੱਲਣਹਾਰ ਜੀਵ ਹਾਂ ਅਤੇ ਮੇਰੇ ਕੋਲ ਯੋਗ ਸ਼ਬਦ ਵੀ ਨਹੀਂ ਜਿਨ੍ਹਾਂ ਨਾਲ ਬਾਬਾ ਜੀ ਦਾ ਸ਼ੁਕਰਾਨਾ ਅਦਾ ਕਰ ਸਕਾਂ ਜੋ ਅੱਜ ਮੈਨੂੰ ਮਿਲਣ ਨਾਭਾ ਜੇਲ੍ਹ ਵਿੱਚ ਪਹੁੰਚੇ।" ਮਜੀਠੀਆ ਨੇ ਕਿਹਾ ਕਿ ਬਾਬਾ ਜੀ ਦੀ ਹੌਂਸਲਾ-ਅਫ਼ਜ਼ਾਈ ਉਨ੍ਹਾਂ ਲਈ ਬੇਹੱਦ ਭਾਵਨਾਤਮਕ ਪਲ ਸਨ। "ਮੇਰੇ ਔਖੇ ਵੇਲੇ ਬਾਬਾ ਜੀ ਹਮੇਸ਼ਾ ਮੇਰੀ ਬਾਂਹ ਫੜੀ ਹੈ, ਮੈਂ ਬਾਬਾ ਜੀ ਦਾ ਬੇਹੱਦ ਸ਼ੁਕਰ ਗੁਜ਼ਾਰ ਹਾਂ," ਉਨ੍ਹਾਂ ਨੇ ਕਿਹਾ। ਅਕਾਲੀ ਆਗੂ ਨੇ ਸਮੂਹ ਸੰਗਤ, ਲੋਕਾਂ ਅਤੇ ਸੰਤ-ਮਹਾਂਪੁਰਖਾਂ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਦੇ ਅਸ਼ੀਰਵਾਦ ਸਦਕਾ ਉਹ ਚੜ੍ਹਦੀ ਕਲਾ ਵਿੱਚ ਹਨ। ਉਨ੍ਹਾਂ ਨੇ ਗੁਰੂ ਸਾਹਿਬ ਦਾ ਵੀ ਕੋਟਾਂਨਿ - ਕੋਟ ਸ਼ੁਕਰਾਨਾ ਕੀਤਾ ਜੋ ਸਦਾ ਆਪਣੀ ਮਿਹਰ ਭਰੀ ਨਿਗਾਹ ਨਾਲ ਸਹਾਰਾ ਦੇ ਰਹੇ ਹਨ। ਮਜੀਠੀਆ ਨੇ ਅੰਤ ਵਿੱਚ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੇ ਹੌਸਲੇ ਹਮੇਸ਼ਾ ਬੁਲੰਦ ਰਹਿਣਗੇ।

ਆਵਾਜ਼ਿ ਕੌਮ AWAZE QAUM International Newspaper & WEB TV

ਖ਼ੈਬਰ ਪਖਤੂਨਖਵਾ ਵਿੱਚ ਪਾਕਿਸਤਾਨੀ ਹਵਾਈ ਫ਼ੌਜ ਵੱਲੋਂ

# ਕਤਲੇਆਮ ਨੇ ਉਸ ਦਾ ਅੱਤਵਾਦੀ ਚਿਹਰਾ ਬੇਨਕਾਬ ਕੀਤਾ: ਪ੍ਰੋ. ਸਰਚਾਂਦ ਸਿੰਘ ਖਿਆਲਾ



**ਅੰਮ੍ਰਿਤਸਰ, 23 ਸਤੰਬਰ (ਆਵਾਜ਼ਿ ਕੌਮ ਬਿਊਰੋ)** - ਭਾਜਪਾ ਪੰਜਾਬ ਦੇ ਬੁਲਾਰੇ ਅਤੇ ਸਿੱਖ ਚਿੰਤਕ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਖ਼ੈਬਰ ਪਖਤੂਨਖਵਾ ਦੀ ਤਿਰਾਹ ਘਾਟੀ ਵਿੱਚ ਪਾਕਿਸਤਾਨੀ ਹਵਾਈ ਫ਼ੌਜ ਵੱਲੋਂ ਹਵਾਈ ਹਮਲਾ ਕਰਦਿਆਂ ਘੱਟੋ-ਘੱਟ 30 ਨਾਗਰਿਕਾਂ ਜਿਨ੍ਹਾਂ ਵਿੱਚ ਔਰਤਾਂ ਤੇ ਬੱਚੇ ਵੀ ਸ਼ਾਮਿਲ ਹਨ ਦੇ ਬੇਦਰਦੀ ਕੀਤੇ ਗਏ ਖ਼ੌਫ਼ਨਾਕ ਕਤਲੇਆਮ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਅਤੇ ਨਿਰਦੋਸ਼ ਲੋਕਾਂ ਦੇ ਮਾਰੇ ਜਾਣ 'ਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਜ਼ਾਹਿਰ ਕੀਤੀ ਹੈ। ਉਨ੍ਹਾਂ ਕਿਹਾ ਕਿ ਬੰਬਾਰੀ ਦੀ ਇਹ ਕਾਰਵਾਈ ਸਾਬਤ ਕਰਦੀ ਹੈ ਕਿ ਪਾਕਿਸਤਾਨ ਨਾ ਸਿਰਫ਼ ਦੂਜੇ ਦੇਸ਼ਾਂ ਲਈ ਅੱਤਵਾਦ ਦੀ ਨਰਸਰੀ ਹੈ, ਸਗੋਂ ਖ਼ੁਦ ਵੀ ਅੱਤਵਾਦੀਆਂ ਵਾਂਗ ਆਪਣੇ ਹੀ ਲੋਕਾਂ 'ਤੇ ਹਕੂਮਤ ਕਰ ਰਿਹਾ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ ਇਹ ਬੰਬਾਰੀ ਸਿਰਫ਼ ਕਤਲੇਆਮ ਨਹੀਂ, ਸਗੋਂ ਪਾਕਿ-ਹਕੂਮਤ ਅਤੇ ਪਾਕਿਸਤਾਨੀ ਫ਼ੌਜ ਦੇ ਅਸਲੀ ਚਿਹਰੇ ਨੂੰ ਬੇਨਕਾਬ ਕਰਦੀ ਹੈ। ਇੱਕ ਪਾਸੇ ਪਾਕਿਸਤਾਨ ਖ਼ੁਦ ਨੂੰ ਮਨੁੱਖੀ ਹੱਕਾਂ ਦਾ ਅਲੰਬਰਦਾਰ ਦੱਸਦਾ ਹੈ, ਦੂਜੇ ਪਾਸੇ ਆਪਣੇ ਹੀ ਨਾਗਰਿਕਾਂ ਦੇ ਖ਼ੂਨ ਨਾਲ ਖੇਡਦਾ ਹੈ। ਉਨ੍ਹਾਂ ਕਿਹਾ ਕਿ ਇਲਾਕਾਈ ਵਸਨੀਕਾਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਇਹ ਗਲ ਸਾਹਮਣੇ ਆਈ ਹੈ ਕਿ ਪਾਕਿਸਤਾਨ ਦੀ ਸਰਕਾਰ ਅਤੇ ਫ਼ੌਜ ਬਿਨਾਂ ਕਿਸੇ ਠੋਸ ਜਾਣਕਾਰੀ ਦੇ ਹਮਲੇ ਕਰ ਰਹੀ ਹੈ, ਜਿਸ ਨਾਲ ਨਿਰਦੋਸ਼ ਲੋਕਾਂ ਦੀ ਜਾਨ ਜਾ ਰਹੀ ਹੈ। ਇਹ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ ਅਤੇ ਖ਼ੁਦ ਵਿੱਚ ਇੱਕ ਅੱਤਵਾਦੀ ਕਾਰਵਾਈ ਹੈ, ਜਿਸ ਦੀ ਨਿੰਦਾ ਸਾਰੀ ਦੁਨੀਆ ਵੱਲੋਂ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਮਨੁੱਖੀ ਅਧਿਕਾਰਾਂ ਦੇ ਮਾਮਲੇ ਵਿੱਚ ਬਾਰ-ਬਾਰ ਨਾਕਾਮ ਰਿਹਾ ਹੈ। ਇਸ ਲਈ ਅਜਿਹੀ ਘਟਨਾ ਦੀ ਤੁਰੰਤ ਅਤੇ ਨਿਰਪੱਖ ਅੰਤਰਰਾਸ਼ਟਰੀ ਜਾਂਚ ਸੰਯੁਕਤ ਰਾਸ਼ਟਰ ਜਾਂ ਹੋਰ ਮਾਣਯੋਗ ਫੋਰਮਾਂ ਵੱਲੋਂ ਕਰਵਾਈ ਜਾਣੀ ਚਾਹੀਦੀ ਹੈ ਤਾਂ ਜੋ ਸੱਚਾਈ ਸਾਹਮਣੇ ਲਿਆ ਕੇ ਪਾਕਿਸਤਾਨ 'ਤੇ ਦਬਾਅ ਬਣਾਇਆ ਜਾ ਸਕੇ।

ਪ੍ਰੋ. ਖਿਆਲਾ ਨੇ ਕਿਹਾ ਕਿ ਅੱਜ ਜਿਹੜੀ ਬੰਬਾਰੀ ਖ਼ੈਬਰ ਪਖਤੂਨਖਵਾ ਦੇ ਬਾਸ਼ਿੰਦਿਆਂ ਉੱਤੇ ਹੋਈ ਹੈ, ਉਸ ਤੋਂ ਇਹ ਸਾਫ਼ ਹੈ ਕਿ ਪਾਕਿਸਤਾਨ ਆਪਣੀ ਅੱਤਵਾਦੀ ਸੋਚ ਕਾਰਨ ਕਿਸੇ ਵੀ ਵੇਲੇ ਆਪਣੀ ਫ਼ੌਜੀ ਜ਼ਿਆਦਤੀਆਂ ਦਾ ਰੁਖ਼ ਪਾਕ-ਕਬਜ਼ੇ ਵਾਲੇ ਕਸ਼ਮੀਰ ਵੱਲ ਵੀ ਮੋੜ ਸਕਦਾ ਹੈ। ਉਨ੍ਹਾਂ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਦੇ ਹਿੱਸੇ 'ਚ ਰਹਿੰਦੇ ਕਸ਼ਮੀਰੀ ਭਰਾਵਾਂ ਨੂੰ ਅਪੀਲ ਕੀਤੀ ਕਿ ਉਹ ਪਾਕਿਸਤਾਨ ਦੀ ਹਕੂਮਤ ਤੋਂ ਨਿਜਾਤ ਪਾਉਣ ਅਤੇ ਆਪਣੇ ਖੇਤਰ ਨੂੰ ਜਲਦ ਤੋਂ ਜਲਦ ਜੰਮੂ ਕਸ਼ਮੀਰ ਦੇ ਨਾਲ ਮਿਲਾਉਣ ਲਈ ਪੱਕਾ ਫ਼ੈਸਲਾ ਕਰਕੇ ਜੱਦੋ ਜਹਿਦ ਕਰਨ । ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਕਸ਼ਮੀਰ ਦੇ ਕਬਜ਼ੇ ਵਾਲੇ ਹਿੱਸੇ ਦੇ ਲੋਕ ਹੁਣ ਜਾਗੇ ਨਹੀਂ ਤਾਂ ਕੱਲ੍ਹ ਨੂੰ ਜੋ ਖ਼ੂਨੀ ਬੰਬਾਰੀ ਤਿਰਾਹ ਘਾਟੀ ਵਿੱਚ ਹੋਈ ਹੈ, ਉਹੀ ਕਤਲੇਆਮ ਦੀ ਬੰਬਾਰੀ ਉਨ੍ਹਾਂ ਦੇ ਘਰਾਂ ਦੀ ਛੱਤਾਂ ਉੱਤੇ ਵੀ ਆ ਸਕਦਾ ਹੈ।

**ਪਾਕਿਸਤਾਨੀ ਹਵਾਈ ਫ਼ੌਜ ਵੱਲੋਂ ਖ਼ੈਬਰ ਪਖਤੂਨਖਵਾ ਵਿੱਚ ਆਪਣੇ ਹੀ ਨਾਗਰਿਕਾਂ 'ਤੇ ਬੰਬਬਾਰੀ ਮਨੁੱਖਤਾ ਵਿਰੁੱਧ ਕਤਲੇਆਮ: ਪ੍ਰੋ. ਸਰਚਾਂਦ ਸਿੰਘ ਖਿਆਲਾ**

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਯੂ ਕੇ ਵਿੱਚ ਦਸਤਾਰ ਤੇ ਕੇਸਾਂ ਦੀ ਬੇਅਦਬੀ — ਪੰਥਕ ਸੇਵਾਦਾਰ ਭਾਈ ਸਰਬਦੀਪ ਸਿੰਘ ਵੱਲੋਂ ਤਿੱਖਾ ਸਵਾਲ



**ਅੰਮ੍ਰਿਤਸਰ/ਲੰਡਨ, 23 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਭਾਈ ਸਰਬਦੀਪ ਸਿੰਘ (ਪ੍ਰਕਰਮਾ ਵਾਲਾ ਸੇਵਾਦਾਰ, ਸ਼੍ਰੀ ਅੰਮ੍ਰਿਤਸਰ ਸਾਹਿਬ) ਨੇ ਆਪਣੇ ਬਿਆਨ ਵਿੱਚ ਕਿਹਾ ਕਿ ਮਨੁੱਖੀ ਅਧਿਕਾਰਾਂ ਦੀ ਦੁਹਾਈ ਦੇਣ ਵਾਲੀਆਂ ਅਤੇ ਪੰਜਾਬ ਵਿੱਚ ਕਿਸੇ ਵੀ ਸਿੱਖ ਦੀ ਦਸਤਾਰ ਜਾਂ ਕੇਸਾਂ ਦੀ ਬੇਅਦਬੀ ਹੋਣ 'ਤੇ ਟੈਲੀਵਿਜ਼ਨ ਤੇ ਸੋਸ਼ਲ ਮੀਡੀਆ ਉੱਤੇ ਰੌਲ ਪਾਉਣ ਵਾਲੀਆਂ ਯੂ ਕੇ ਦੀਆਂ ਕਈਆਂ ਜਥੇਬੰਦੀਆਂ, ਅੱਜ ਯੂ ਕੇ ਵਿੱਚ ਆਪ ਹੀ ਸਾਬਤ ਸੂਰਤ ਅੰਮ੍ਰਿਤਧਾਰੀ ਸਿੱਖ ਨੌਜਵਾਨਾਂ ਕੋਲੋਂ ਦਸਤਾਰਾਂ ਤੇ ਕੇਸਾਂ ਦੀ ਬੇਅਦਬੀ ਕਰਵਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਭਾਰਤ ਅਤੇ ਪੰਜਾਬ ਵਿੱਚ ਜਦੋਂ ਵੀ ਅਜਿਹੀ ਘਟਨਾ ਵਾਪਰਦੀ ਸੀ ਤਾਂ ਯੂ ਕੇ ਦੀਆਂ ਸਿੱਖ ਜਥੇਬੰਦੀਆਂ ਪੰਜਾਬੀ ਅਖ਼ਬਾਰਾਂ ਅਤੇ ਇੰਗਲੈਂਡ ਦੇ ਟੈਲੀਵਿਜ਼ਨਾਂ ਤੇ ਡਿਬੇਟਾਂ ਕਰਦੀਆਂ ਸਨ, ਪਰ ਅੱਜ ਜਦੋਂ ਇੰਗਲੈਂਡ ਦੇ ਗੁਰਦੁਆਰਿਆਂ ਵਿੱਚ ਖੁਦ ਸਿੱਖਾਂ ਉੱਤੇ ਹੀ ਇਹ ਜ਼ੁਲਮ ਹੋ ਰਹੇ ਹਨ ਤਾਂ ਉਹਨਾਂ ਦੀਆਂ ਜ਼ਬਾਨਾਂ ਬੰਦ ਹਨ। ਭਾਈ ਸਰਬਦੀਪ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਰਹਿੰਦਿਆਂ ਉਹਨਾਂ ਨੂੰ ਲੱਗਦਾ ਸੀ ਕਿ ਇੰਗਲੈਂਡ ਦੇ ਸਿੱਖ ਖ਼ਾਲਸਾ ਰਾਜ ਦੀ ਸਥਾਪਨਾ ਲਈ ਵੱਡਾ ਰੋਲ ਨਿਭਾਉਣਗੇ, ਪਰ ਇੱਥੇ ਆ ਕੇ ਅੱਖੀਂ ਦੇਖ ਕੇ ਸਮਝ ਆਇਆ ਕਿ ਬਹੁਤੀਆਂ ਜਥੇਬੰਦੀਆਂ ਦਾ "ਖ਼ਾਲਿਸਤਾਨ" ਸਿਰਫ਼ ਇੱਥੇ ਆਪਣੀ ਗੱਦੀ ਬਚਾਉਣ ਤੱਕ ਸੀਮਤ ਹੈ। ਪੰਜਾਬ ਦੇ ਹਿੱਤ ਲਈ ਇਹ ਸਿਰਫ਼ ਹਵਾ ਵਿੱਚ ਤਲਵਾਰਾਂ ਮਾਰਨ ਵਾਲੀ ਗੱਲ ਹੀ ਹੈ। ਉਨ੍ਹਾਂ ਪੰਜਾਬੀ ਕਹਾਵਤ ਯਾਦ ਦਿਵਾਈ — "ਢੋਲ ਦੂਰੋਂ ਵੱਜਦੇ ਸੁਹਾਵਣੇ ਹੀ ਲੱਗਦੇ ਹਨ।" ਪ੍ਰਕਰਮਾ ਵਾਲੇ ਸੇਵਾਦਾਰ ਨੇ ਕਿਹਾ ਕਿ ਮੀਡੀਆ ਅਤੇ ਸੋਸ਼ਲ ਮੀਡੀਆ 'ਤੇ ਪੰਥ, ਧਰਮ ਅਤੇ ਸਿੱਖੀ ਸੰਘਰਸ਼ ਦੀ ਬੇਬਾਕ ਅਵਾਜ਼ ਉਠਾਉਣ ਵਾਲੇ ਪੰਥਕ ਆਗੂ ਭਾਈ ਕਪਤਾਨ ਸਿੰਘ 'ਤੇ ਹਮਲਾ ਕਰਵਾ ਕੇ ਸੱਚ ਦੀ ਅਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ। "ਜੋ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਨੂੰ ਸਟੇਜਾਂ 'ਤੇ ਖੜ੍ਹ ਕੇ ਮਹੰਤਾਂ ਦਾ ਕਬਜ਼ਾ ਕਹਿੰਦੇ ਸਨ, ਉਹ ਅੱਜ ਆਪ ਕਿੱਥੇ ਖੜ੍ਹੇ ਹਨ?" — ਭਾਈ ਸਰਬਦੀਪ ਸਿੰਘ ਨੇ ਸਵਾਲ ਕੀਤਾ। ਉਨ੍ਹਾਂ ਕਿਹਾ ਕਿ ਸਮੁੱਚਾ ਗੁਰੂ ਨਾਨਕ ਨਾਮ ਲੇਵਾ ਸਿੱਖ ਭਾਈ ਕਪਤਾਨ ਸਿੰਘ ਨਾਲ ਹਮਦਰਦੀ ਪ੍ਰਗਟ ਕਰਦਾ ਹੈ ਅਤੇ ਯੂ ਕੇ ਵਿੱਚ ਸਿੱਖ ਨੌਜਵਾਨਾਂ ਨੂੰ ਭੜਕਾ ਕੇ ਹਮਲੇ ਕਰਾਉਣ ਵਾਲੇ ਖ਼ਾਲਿਸਤਾਨੀਆਂ ਦੀ ਇਸ "ਘਟੀਆ ਅਤੇ ਘਿਨਾਉਣੀ ਹਰਕਤ" ਦੀ ਸਖ਼ਤ ਨਿੰਦਾ ਕਰਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਫ਼ਸਲੀ ਵਿਭਿੰਨਤਾ ਦੀ ਮਹੱਤਤਾ ਬਾਰੇ ਪਿੰਡ ਫੁਮੰਣਵਾਲ ਵਿਖੇ ਜਾਗਰੂਕਤਾ ਕੈਂਪ ਲਗਾਇਆ




ਸੰਗਰੂਰ (ਰਣਜੀਤ ਸਿੰਘ ਪੇਧਨੀ ) ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਫਾਰਮ ਸਲਾਹਕਾਰ ਸੇਵਾ ਕੇਂਦਰ ਸੰਗਰੂਰ ਵੱਲੋਂ ਪਿੰਡ ਫੁਮੰਣਵਾਲ ਵਿਖੇ ਫ਼ਸਲੀ ਵਿਭਿੰਨਤਾ ਦੀ ਮਹੱਤਤਾ ਬਾਰੇ ਅਤੇ ਝੋਨੇ ਦੀ ਪਰਾਲੀ ਨੂੰ ਬਗੈਰ ਅੱਗ ਲਗਾਏ ਖੇਤ ਵਿੱਚ ਹੀ ਸੰਭਾਲ ਸਬੰਧੀ ਜਾਗਰੂਕਤਾ ਕੈਂਪ ਲਗਾਇਆ । ਕੈਂਪ ਵਿੱਚ ਪਿੰਡ ਦੇ ਅਗਾਂਹਵਧੂ 30 ਤੋਂ ਵੱਧ ਕਿਸਾਨਾਂ ਨੇ ਵੱਧ ਚੜ ਕੇ ਹਿੱਸਾ ਲਿਆ। ਕੈਂਪ ਦੀ ਅਗਵਾਈ ਕਰਦੇ ਹੋਏ ਡਾ. ਅਸ਼ੋਕ ਕੁਮਾਰ, ਜ਼ਿਲ੍ਹਾ ਪਸਾਰ ਵਿਗਿਆਨੀ ਨੇ ਪਹਿਲਾਂ ਝੋਨੇ ਦੀ ਪਰਾਲੀ ਦੇ ਖੇਤ ਵਿੱਚ ਹੀ ਪ੍ਰਬੰਧਨ ਲਈ ਹੈਪੀ ਸੀਡਰ, ਸੁਪਰ ਸੀਡਰ, ਪੀ ਏ ਯੂ ਸਮਾਰਟ ਸੀਡਰ ਅਤੇ ਸਰਫੇਸ ਸੀਡਿੰਗ-ਕਮ-ਮਲਚਿੰਗ ਵਿਧੀ ਨਾਲ ਕਣਕ ਦੀ ਬਿਜਾਈ ਕਰਨ ਬਾਰੇ ਵਿਸਥਾਰਪੂਰਵਕ ਦੱਸਿਆ। ਉਨ੍ਹਾਂ ਨੇ ਝੋਨੇ ਅਤੇ ਬਾਸਮਤੀ ਦੇ ਕੀੜਿਆਂ ਅਤੇ ਬਿਮਾਰੀਆਂ ਜਿਵੇਂ ਕਿ ਪੱਤਾ ਲਪੇਟ ਸੁੰਡੀ, ਸ਼ੀਥ ਬਲਾਈਟ ਅਤੇ ਬਲਾਸਟ ਦੇ ਪ੍ਰਬੰਧਨ ਲਈ ਨਵੀਆਂ ਸਿਫ਼ਾਰਸ਼ਾਂ ਬਾਰੇ ਗੱਲ ਕੀਤੀ। ਫ਼ਸਲੀ ਵਿਭਿੰਨਤਾ ਬਾਰੇ ਦੱਸਦੇ ਹੋਏ ਡਾ. ਅਸ਼ੋਕ ਕੁਮਾਰ ਨੇ ਕਿਹਾ ਕਿ ਹਾੜ੍ਹੀ ਵਿੱਚ ਕਣਕ ਤੋਂ ਇਲਾਵਾ ਸਰ੍ਹੋਂ, ਛੋਲੇ ਆਦਿ ਨਿਰੋਲ ਬੀਜੇ ਜਾ ਸਕਦੇ ਹਨ।ਸਰ੍ਹੋਂ ਦੀ ਅੰਤਰਰਾਸ਼ਟਰੀ ਪੱਧਰ ਦੀ ਕਨੋਲਾ ਕੁਆਲਿਟੀ ਦੀ ਕਿਸਮ ਜੀ ਐੱਸ ਸੀ 7 ਬਾਰੇ ਦੱਸਦਿਆਂ ਉਹਨਾਂ ਕਿਹਾ ਕਿ ਕੈਨੋਲਾ ਕਿਸਮਾਂ ਦੇ ਤੇਲ ਵਿੱਚ 2% ਤੋਂ ਘੱਟ ਇਰੂਸਿਕ ਐਸਿਡ ਹੁੰਦਾ ਹੈ ਅਤੇ ਖਲ ਵਿੱਚ 30 ਮਾਈਕ੍ਰੋ ਮੋਲ ਪ੍ਰਤੀ ਗ੍ਰਾਮ ਤੋਂ ਘੱਟ ਗਲੂਕੋਸਿਨੋਲੇਟਸ ਹੁੰਦੇ ਹਨ।ਜਿਆਦਾ ਇਰੂਸਿਕ ਐਸਿਡ ਵਾਲੇ ਤੇਲ ਦੀ ਵਰਤੋਂ ਨਾਲ ਨਾੜਾਂ ਦੇ ਮੋਟੇ ਹੋਣ ਕਾਰਨ ਦਿਲ ਦੇ ਰੋਗਾਂ ਦੇ ਵਧਣ ਦੀ ਸੰਭਾਵਨਾ ਹੁੰਦੀ ਹੈ। ਇਸ ਕਿਸਮ ਦਾ ਔਸਤ ਝਾੜ 8.9 ਕੁਇੰਟਲ/ਏਕੜ ਅਤੇ ਤੇਲ ਦੀ ਮਾਤਰਾ 40.5% ਹੈ। ਇਸੇ ਤਰ੍ਹਾਂ ਛੋਲਿਆਂ ਨੂੰ ਵੀ ਫ਼ਸਲੀ ਵਿਭਿੰਨਤਾ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ ਅਤੇ ਪੀ.ਏ.ਯੂ ਵੱਲੋਂ ਸੇਜੂ ਹਾਲਾਤਾ ਵਿੱਚ ਛੋਲਿਆਂ ਦੀਆਂ ਦੀਆਂ ਸਿਫਾਰਿਸ਼ ਕਿਸਮਾਂ ਜਿਵੇਂ ਕਿ ਪੀ.ਬੀ.ਜੀ. 10, ਪੀ.ਬੀ.ਜੀ. 8 ਆਦਿ ਨੂੰ ਬੀਜਿਆ ਜਾ ਸਕਦਾ ਹੈ। ਉਹਨਾਂ ਕਿਸਾਨਾਂ ਨੂੰ ਸਾਉਣੀ ਦੀ ਫਸਲ ਦੀ ਵਾਢੀ ਤੋਂ ਬਾਅਦ ਆਪਣੇ ਖੇਤ ਦੀ ਮਿੱਟੀ ਚੈੱਕ ਕਰਾਉਣ ਲਈ ਪ੍ਰੇਰਿਤ ਕੀਤਾ ਅਤੇ ਮਿੱਟੀ ਪਰਖ ਲਈ ਨਮੂਨਾ ਲੈਣ ਦੇ ਢੰਗ ਬਾਰੇ ਵੀ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਮਿੱਟੀ ਦੀ ਜੈਵਿਕ ਸਿਹਤ ਸੁਧਾਰਨ ਲਈ ਅਗਲੀ ਹਾੜੀ ਵਿੱਚ ਬੀਜੀ ਜਾਣ ਵਾਲੀ ਕਣਕ ਨੂੰ ਲੱਗਣ ਵਾਲੇ ਜੈਵਿਕ ਟੀਕੇ (ਕੰਨਸ਼ੋਰਸ਼ੀਅਮ) ਦੇ ਫਾਇਦਿਆਂ ਬਾਰੇ ਦੱਸਿਆ।ਉਹਨਾਂ ਅੱਗੇ ਹਾੜੀ ਦੀਆਂ ਮੁੱਖ ਫਸਲਾਂ ਵਿੱਚ ਸੁਚੱਜੇ ਖੁਰਾਕ ਪ੍ਰਬੰਧਨ ਬਾਰੇ ਵਿਚਾਰ ਸਾਂਝੇ ਕੀਤੇ। ਕਿਸਾਨਾਂ ਨੂੰ ਹਾੜ੍ਹੀ ਵਿੱਚ ਬੀਜੀਆਂ ਜਾਣ ਵਾਲੀਆਂ ਕਣਕ ਦੀਆਂ ਸਿਫਾਰਿਸ਼ ਕਿਸਮਾਂ ਖਾਸ ਤੌਰ ਤੇ ਸ਼ੂਗਰ ਵਾਲੀ ਕਿਸਮ ਆਰ ਐਸ 1 ਅਤੇ ਪੀ ਬੀ ਡਬਲਯੂ ਬਿਸਕਿਟ 1 ਕਿਸਮ ਆਦਿ ਦੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।ਘਰੇਲੂ ਬਗੀਚੀ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਉਹਨਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਤਿਆਰ ਸਰਦੀ ਰੁੱਤ ਦੀਆਂ ਸਬਜ਼ੀ ਦੀਆਂ ਕਿੱਟਾਂ ਬਾਰੇ ਚਾਨਣਾ ਪਾਇਆ ਅਤੇ ਸੇਲ ਵਾਸਤੇ ਵੀ ਉਪਲਬਧ ਕਰਵਾਇਆ ਗਿਆ। ਇਸ ਮੌਕੇ ਸਰ੍ਹੋਂ ਦੀ ਜੀ ਐੱਸ ਸੀ 7 ਕਿਸਮ ਦੇ ਬੀਜ ਦੀ ਵਿੱਕਰੀ ਵੀ ਕੀਤੀ ਗਈ।ਇਸ ਦੇ ਨਾਲ ਹੀ ਪੀਏਯੂ ਲੁਧਿਆਣਾ ਵਲੋਂ ਹਾੜ੍ਹੀ ਰੁੱਤ ਲਈ ਲਗਾਏ ਜਾ ਰਹੇ ਕਿਸਾਨ ਮੇਲਿਆਂ ਦਾ ਪ੍ਰਚਾਰ ਵੀ ਕੀਤਾ।ਇਸ ਮੌਕੇ ਤੇ ਸ. ਮਲਕੀਤ ਸਿੰਘ ਅਤੇ ਸ. ਜਸਪਾਲ ਸਿੰਘ ਨੇ ਕੈਂਪ ਲਗਾਉਣ ਵਿੱਚ ਪੂਰਾ ਸਹਿਯੋਗ ਦਿੱਤਾ।

ਆਵਾਜ਼ਿ ਕੌਮ AWAZE QAUM International Newspaper & WEB TV


IN LOVING MEMORY OF
ਆਵਾਜ਼ਿ ਕੌਮ
AWAZE QAUM
International Newspaper & WEB TV
AVTAR SINGH SANDHU
11-11-1942 TO 14-09-2025
Friday 26th September 2025
12:45pm
Respects at the Family home
24 Southwood Gardens, IG2 6YF
2:15pm
Service City of London Crematorium,
Aldersbrook Road, London E12 5DQ
3:30pm
Ardas & Langar at Gurdwara Singh Sabha,
Barking IG11 8JD

### ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ ਤਲਵੰਡੀ ਸਾਬੋ ਵਿਖੇ

# ਸਮਾਰਟ ਕਲਾਸ ਦਾ ਸ਼ੁਭ ਆਰੰਭ ਕੀਤਾ







ਤਲਵੰਡੀ ਸਾਬੋ, 23 ਸਤੰਬਰ (ਗੁਰਜੰਟ ਸਿੰਘ ਨਥੇਹਾ)- ਧਰਮ ਪ੍ਰਚਾਰ ਕਮੇਟੀ ਸ਼੍ਰੋ. ਗੁ. ਪ੍ਰ. ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸ੍ਰ. ਹਰਜਿੰਦਰ ਸਿੰਘ ਜੀ ਧਾਮੀ ਪ੍ਰਧਾਨ ਅਤੇ ਸ੍ਰ. ਬਲਵਿੰਦਰ ਸਿੰਘ ਕਾਹਲਵਾਂ ਸਕੱਤਰ, ਧਰਮ ਪ੍ਰਚਾਰ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਅਦਾਰੇ ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ ਤਲਵੰਡੀ ਸਾਬੋ ਬਠਿੰਡਾ ਵਿਖੇ ਵਿਦਿਆਰਥੀਆਂ ਨੂੰ ਆਧੁਨਿਕ ਤਕਨੀਕ ਦੁਆਰਾ ਸਿੱਖਿਆ ਪ੍ਰਦਾਨ ਕਰਨ ਲਈ ਸਮਾਰਟ ਕਲਾਸ ਦਾ ਸ਼ੁਭ ਆਰੰਭ ਮਾਨਯੋਗ ਸਿੰਘ ਸਾਹਿਬ ਬਾਬਾ ਟੇਕ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਉਨ੍ਹਾਂ ਦੇ ਨਾਲ ਸ੍ਰ. ਮੋਹਨ ਸਿੰਘ ਬੰਗੀ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰ ਅਵਤਾਰ ਸਿੰਘ ਵਣਵਾਲਾ ਮੈਂਬਰ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਨੇ ਸਾਂਝੇ ਰੂਪ ਵਿਚ ਆਪਣੇ ਕਰ ਕਮਲਾਂ ਦੁਆਰਾ ਕੀਤਾ। ਇਸ ਤੋਂ ਪਹਿਲਾਂ ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਕੀਤੀਆਂ ਗਈਆਂ ਅਤੇ ਗੁਰਬਾਣੀ ਕੰਠ ਮੁਕਾਬਲੇ ਵਿਚ ਜੇਤੂ ਰਹੇ ਵਿਦਿਆਰਥੀਆਂ ਨੂੰ ਬਾਬਾ ਟੇਕ ਸਿੰਘ ਵਲੋਂ ਇਨਾਮ ਤਕਸੀਮ ਕੀਤੇ ਗਏ। ਸਿੰਘ ਸਾਹਿਬ ਨੇ ਆਪਣੇ ਸੰਬੋਧਨ ਦੌਰਾਨ ਵਿਦਿਆਰਥੀਆਂ ਨੂੰ ਵੱਡੇ ਭਾਗਾਂ ਵਾਲੇ ਦੱਸਦਿਆਂ ਆਖਿਆ ਕਿ ਇਸ ਗੁਰੂ ਕੀ ਕਾਸ਼ੀ ਦੀ ਧਰਤੀ ਉੱਤੇ ਪੜ੍ਹਨ ਦਾ ਮੌਕਾ ਵੱਡੇ ਭਾਗਾਂ ਵਾਲਿਆਂ ਨੂੰ ਨਸੀਬ ਹੁੰਦਾ ਹੈ। ਉਹਨਾਂ ਨੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਅਖੀਰ ਵਿਚ ਪ੍ਰਿੰਸੀਪਲ ਡਾ. ਰਵਿੰਦਰ ਸਿੰਘ ਖ਼ਾਲਸਾ ਨੇ ਸਿੰਘ ਸਾਹਿਬ ਬਾਬਾ ਟੇਕ ਸਿੰਘ ਅਤੇ ਆਏ ਮੈਂਬਰ ਸਾਹਿਬਾਨ ਨੂੰ ਸਨਮਾਨ ਦਿੱਤਾ ਗਿਆ। ਇਸ ਮੌਕੇ ਸ੍ਰ. ਮੋਹਨ ਸਿੰਘ ਬੰਗੀ, ਸ੍ਰ. ਅਵਤਾਰ ਸਿੰਘ ਵਣਵਾਲਾ, ਬਾਬਾ ਕਾਕਾ ਸਿੰਘ ਬੁੰਗਾ ਮਸਤੂਆਣਾ ਸਾਹਿਬ, ਸ੍ਰ ਨਰਿੰਦਰਜੀਤ ਸਿੰਘ ਭਵਾਨੀਗੜ੍ਹ ਮੈਨੇਜਰ ਤਖ਼ਤ ਸ੍ਰੀ ਦਮਦਮਾ ਸਾਹਿਬ, ਗਿ. ਗੁਰਜੰਟ ਸਿੰਘ ਐਡੀਸ਼ਨਲ ਹੈੱਡ ਗ੍ਰੰਥੀ ਤਖ਼ਤ ਸ੍ਰੀ ਦਮਦਮਾ ਸਾਹਿਬ, ਗੁਰਦੇਵ ਸਿੰਘ ਮੀਤ ਮੈਨੇਜਰ, ਭੋਲਾ ਸਿੰਘ ਇੰਚਾਰਜ ਸਬ ਆਫਿਸ ਧਰਮ ਪ੍ਰਚਾਰ, ਅਮਰੀਕ ਸਿੰਘ ਡਸਕਾ ਸਹਾਇਕ ਇੰਚਾਰਜ, ਗੁਰਤੇਜ ਸਿੰਘ ਗੁ. ਇੰਸਪੈਕਟਰ, ਡਾ. ਗੁਰਜੀਤ ਸਿੰਘ ਗੁਰੂ ਕਾਸ਼ੀ ਯੂਨੀਵਰਸਿਟੀ, ਡਾ. ਕਮਲਪ੍ਰੀਤ ਕੌਰ ਪ੍ਰਿੰਸੀਪਲ ਮਾਤਾ ਸਾਹਿਬ ਕੌਰ ਗਰਲਜ਼ ਕਾਲਜ, ਦਰਸ਼ਨ ਸਿੰਘ ਭੰਮੇ, ਠਾਣਾ ਸਿੰਘ ਚੱਠਾ, ਗਿਅਨੀ ਜਰਨੈਲ ਸਿੰਘ, ਗਿਆਨੀ ਜਗਦੀਪ ਸਿੰਘ, ਗੁਰਪ੍ਰੀਤ ਸਿੰਘ, ਭਾਈ ਨਿਰਭੈ ਸਿੰਘ ਹਜ਼ੂਰੀ ਰਾਗੀ ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਇੰਸਟੀਚਿਊਟ ਦਾ ਸਮੂਹ ਸਟਾਫ਼ ਹਾਜਰ ਸੀ।



### ਗੁਰੂ ਕਾਸ਼ੀ ਯੂਨੀਵਰਸਿਟੀ ਵਿਖੇ ਸਵੈ-ਇਛੁੱਕ ਖੂਨਦਾਨ ਕੈਂਪ ਨਾਲ

# ਸੱਤ ਰੋਜ਼ਾ ਐਨ.ਐਸ.ਐਸ. ਕੈਂਪ ਦਾ ਆਗਾਜ਼

**ਤਲਵੰਡੀ ਸਾਬੋ**, 23 **ਸਤੰਬਰ (ਗੁਰਜੰਟ ਸਿੰਘ ਨਥੇਹਾ)**- ਗੁਰੂ ਕਾਸ਼ੀ ਯੂਨੀਵਰਸਿਟੀ ਦੇ ਐਨ.ਐਸ.ਐਸ ਵਿਭਾਗ ਵੱਲੋਂ ਫੈਕਲਟੀ ਆਫ਼ ਫਾਰਮੈਸੀ ਐਂਡ ਅਲਾਈਡ ਸਾਇੰਸਜ਼ ਦੇ ਸਹਿਯੋਗ ਨਾਲ ਸੱਤ ਰੋਜ਼ਾ ਕੈਂਪ ਦਾ ਆਗਾਜ਼ ਕੀਤਾ ਗਿਆ। ਇਸ ਮੌਕੇ ਪ੍ਰੋ.(ਡਾ.) ਰਾਮੇਸ਼ਵਰ ਸਿੰਘ ਵਾਈਸ ਚਾਂਸਲਰ ਬਤੌਰ ਮੁੱਖ ਮਹਿਮਾਨ, ਡਾ. ਪੀਯੂਸ਼ ਵਰਮਾ ਰਜਿਸਟਰਾਰ ਤੇ ਦੇਸਰਾਜ ਕੰਬੋਜ਼ ਡਾਇਰੈਕਟਰ ਵਿਦਿਆਰਥੀ ਭਲਾਈ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ।ਖੂਨਦਾਨ ਕੈਂਪ ਦੇ ਉਦਘਾਟਨ ਮੌਕੇ ਮੁੱਖ ਮਹਿਮਾਨ ਡਾ. ਸਿੰਘ ਨੇ ਕਿਹਾ ਕਿ ਖੂਨਦਾਨ ਮਹਾਂਦਾਨ ਹੈ, ਜਿਸ ਨਾਲ ਸੰਕਟ ਦੇ ਸਮੇਂ ਕਈ ਕੀਮਤੀ ਜਾਨਾਂ ਬਚਾਇਆ ਜਾ ਸਕਦੀਆਂ ਹਨ।ਉਨ੍ਹਾਂ ਵਿਦਿਆਰਥੀਆਂ ਨੂੰ ਆਪਣੀ ਊਰਜਾ ਰਾਸ਼ਟਰ ਨਿਰਮਾਣ ਵਿੱਚ ਲਗਾਉਣ ਅਤੇ ਸਵੈ-ਇੱਛੁਕ ਖੂਨਦਾਨ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਵਰਸਿਟੀ ਦੇ ਐਨ.ਐਸ.ਐਸ. ਵਿਭਾਗ ਵੱਲੋਂ ਚਲਾਈ ਜਾ ਰਹੀ ਸਫਾਈ ਮੁਹਿੰਮ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸਾਫ਼ ਸੁਥਰਾ ਤੇ ਹਰਿਆ ਭਰਿਆ ਵਾਤਾਵਰਣ ਬਣਾ ਕੇ ਰੱਖਣਾ ਸਾਡੀ ਨੈਤਿਕ ਜ਼ਿੰਮੇਵਾਰੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਦੋ ਦੋ ਬੂਟੇ ਲਗਾਉਣ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਕਰਨ ਲਈ ਕਿਹਾ। ਸਵੈ-ਇੱਛੁਕ ਖੂਨਦਾਨ ਕੈਂਪ ਵਿੱਚ ਡਾ. ਦਵਿੰਦਰ ਮਹੇਸ਼ਵਰੀ ਵਿਭਾਗ ਮੁਖੀ, ਮੈਡਮ ਨਰਿੰਦਰ ਕੌਰ ਯੂਨੀਵਰਸਿਟੀ ਐਨ.ਐਸ.ਐਸ. ਕੁਆਰਡੀਨੇਟਰ, ਮੈਡਮ ਰਮਨਦੀਪ ਕੌਰ ਸੰਧੂ, ਕੁਆਰਡੀਨੇਟਰ ਦੀ ਰਹਿਨੁਮਾਈ ਹੇਠ ਡਾ. ਕੋਮਲ ਸਿੰਗਲਾ ਦੀ ਟੀਮ ਵੱਲੋਂ 120 ਯੂਨਿਟ ਖੂਨ ਇਕੱਠਾ ਕੀਤਾ ਗਿਆ। ਆਯੋਜਕਾਂ ਵੱਲੋਂ ਖੂਨਦਾਨੀਆਂ ਨੂੰ ਸਰਟੀਫਿਕੇਟ ਅਤੇ ਯਾਦਾਸ਼ਤ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ. ਮਹੇਸ਼ਵਰੀ ਨੇ ਦੱਸਿਆ ਕਿ ਫਾਰਮੈਸੀ ਵਿਭਾਗ ਵੱਲੋਂ ਫਾਰਮਾਕੋਵਿਜੀਲੈਂਸ ਸਪਤਾਹ ਤਹਿਤ ਇਹ ਖੂਨਦਾਨ ਕੈਂਪ ਲਗਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਇਸ ਹਫਤੇ ਪੋਸਟਰ ਤੇ ਬੈਨਰ ਮੇਕਿੰਗ ਮੁਕਾਬਲੇ ਕਰਵਾਏ ਜਾਣਗੇ ਤੇ ਵਿਦਿਆਰਥੀਆਂ ਵਿੱਚ ਨਸ਼ੇ ਵਿਰੁੱਧ ਜਾਗਰੂਕਤਾ ਪੈਦਾ ਕਰਨ ਲਈ ਇੱਕ ਨਸ਼ਾ ਵਿਰੋਧੀ ਰੈਲੀ ਵੀ ਕੱਢੀ ਜਾਵੇਗੀ। ਵਿਭਾਗ ਵੱਲੋਂ ਵਿਦਿਆਰਥੀਆਂ ਨੂੰ ਆਲੇ-ਦੁਆਲੇ ਪ੍ਰਤੀ ਜਾਣੂ ਕਰਵਾਉਣ ਲਈ ਸਵਾਲ ਜਵਾਬ ਮੁਕਾਬਲੇ ਵੀ ਕਰਵਾਏ ਜਾਣਗੇ। ਯੂਨੀਵਰਸਿਟੀ ਐਨ.ਐਸ.ਐਸ. ਕੁਆਰਡੀਨੇਟਰ ਮੈਡਮ ਕੌਰ ਨੇ ਸੱਤ ਰੋਜ਼ਾ ਕੈਂਪ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੈਂਪ ਦੌਰਾਨ ਐਨ.ਐਸ.ਐਸ. ਵਲੰਟੀਅਰ ਵਰਸਿਟੀ ਵੱਲੋਂ ਗੋਦ ਲਏ ਗਏ ਪਿੰਡਾਂ ਵਿੱਚ ਸਾਖਰਤਾ ਅਤੇ ਸਿਹਤ ਜਾਗਰੂਕਤਾ ਪ੍ਰਤੀ ਮੁਹਿੰਮ ਚਲਾਉਣਗੇ। ਉਹ ਲੋਕਾਂ ਨੂੰ ਪਲਾਸਟਿਕ ਮੁਕਤ ਆਲਾ-ਦੁਆਲਾ ਅਤੇ ਵਾਤਾਵਰਣ ਦੀ ਸੁਰੱਖਿਆ ਸੰਬੰਧੀ ਜਾਣਕਾਰੀ ਵੀ ਦੇਣਗੇ। ਕੈਂਪ ਵਿੱਚ ਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ ਐਨ.ਐਸ.ਐਸ. ਵਲੰਟੀਅਰ ਅਤੇ ਕੁਆਰਡੀਨੇਟਰ ਹਿੱਸਾ ਲੈਣਗੇ।




ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

# ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਸੰਗਰੂਰ ਵਿੱਚ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ

## 1354166 ਮੀਟ੍ਰਿਕ ਟਨ ਆਮਦ ਹੋਣ ਦੀ ਸੰਭਾਵਨਾ, ਸਾਰੇ ਪ੍ਰਬੰਧ ਪੁਖ਼ਤਾ - ਡਿਪਟੀ ਕਮਿਸ਼ਨਰ



**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਜ਼ਿਲ੍ਹਾ ਸੰਗਰੂਰ ਵਿੱਚ ਅੱਜ ਭਾਵ 23 ਸਤੰਬਰ ਤੋਂ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਹੋ ਗਈ ਹੈ। ਅੱਜ ਪਹਿਲੇ ਦਿਨ ਸੰਗਰੂਰ ਦੇ ਕਿਸਾਨ ਰਾਜਿੰਦਰ ਸਿੰਘ ਦੀ ਪਹਿਲੀ ਢੇਰੀ ਦੀ ਬੋਲੀ ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਚਾਬਾ ਨੇ ਖ਼ੁਦ ਕਰਵਾਈ। ਖਰੀਫ਼ ਸੀਜ਼ਨ 2025-26 ਦੌਰਾਨ ਜ਼ਿਲ੍ਹਾ ਸੰਗਰੂਰ ਵਿੱਚ ਝੋਨੇ ਦੀ ਕੁਲ 1354166 ਮੀਟਰਕ ਟਨ ਆਮਦ ਹੋਣ ਦੀ ਸੰਭਾਵਨਾ ਹੈ।ਖਰੀਦ ਪ੍ਰਬੰਧਾਂ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਚਾਬਾ ਨੇ ਦੱਸਿਆ ਕਿ ਜ਼ਿਲ੍ਹਾ ਸੰਗਰੂਰ ਵਿੱਚ ਝੋਨੇ ਦੀ ਖਰੀਦ ਲਈ ਕੁੱਲ 172 ਖਰੀਦ ਕੇਂਦਰ ਘੋਸ਼ਿਤ ਕੀਤੇ ਗਏ ਹਨ। ਸਰਕਾਰ ਵਲੋਂ ਖਰੀਦ ਏਜੰਸੀਆਂ ਲਈ ਖਰੀਦ ਟੀਚੇ ਨਿਰਧਾਰਿਤ ਕੀਤੇ ਗਏ ਹਨ, ਜਿਸ ਤਹਿਤ ਪਨਗ੍ਰੇਨ 34 ਫੀਸਦੀ, ਪਨਸਪ 22 ਫੀਸਦੀ, ਮਾਰਕਫੈੱਡ 26 ਫੀਸਦੀ, ਵੇਅਰ ਹਾਊਸ 13 ਫੀਸਦੀ, ਐਫ. ਸੀ. ਆਈ. 5 ਫੀਸਦੀ ਖਰੀਦ ਕਰਨਗੀਆਂ। ਉਹਨਾਂ ਦੱਸਿਆ ਕਿ ਖਰੀਦ ਏਜੰਸੀਆਂ ਨੂੰ ਸੀਜ਼ਨ ਦੌਰਾਨ ਕੁੱਲ 37650 ਗੱਠਾਂ ਦੀ ਲੋੜ ਹੈ ਅਤੇ ਖਰੀਦ ਏਜੰਸੀਆਂ ਪਾਸ ਸਾਰੀਆਂ 37650 ਗੱਠਾਂ ਉਪਲਬਧ ਹਨ। ਜ਼ਿਲ੍ਹਾ ਸੰਗਰੂਰ ਵਿੱਚ ਕੁੱਲ 620 ਚੌਲ ਮਿੱਲਾਂ ਹਨ, ਜਿਸ ਵਿਚੋਂ ਲਗਭਗ ਸਾਰੀਆਂ ਮਿੱਲਾਂ ਅਲਾਟ ਕੀਤੀਆਂ ਜਾ ਚੁੱਕੀਆਂ ਹਨ। ਪੰਜਾਬ ਰਾਜ ਵਿੱਚ ਖਰੀਫ਼ ਸੀਜ਼ਨ 2025-26 ਦੌਰਾਨ ਝੋਨੇ ਦਾ ਘੱਟੋ ਘੱਟ ਸਮਰਥਨ ਮੁੱਲ 2389 ਰੁਪਏ ਪ੍ਰਤੀ ਕੁਵਿੰਟਲ ਨਿਰਧਾਰਿਤ ਕੀਤਾ ਗਿਆ ਹੈ। ਸਰਕਾਰ ਵਲੋਂ ਝੋਨੇ ਵਿੱਚ ਨਮੀ ਦੀ ਵੱਧ ਤੋਂ ਵੱਧ ਮਾਤਰਾ 17 ਫੀਸਦੀ ਨਿਰਧਾਰਿਤ ਕੀਤੀ ਗਈ ਹੈ। ਜ਼ਿਲ੍ਹਾ ਸੰਗਰੂਰ ਵਿੱਚ ਲੇਬਰ ਅਤੇ ਢੋਆ ਦੁਆਈ ਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਮੰਡੀ ਬੋਰਡ ਵਲੋਂ ਮੰਡੀਆਂ ਵਿੱਚ ਫੜ੍ਹਾਂ ਦੀ ਸਫਾਈ, ਪੀਣ ਦੇ ਪਾਣੀ, ਬਿਜਲੀ, ਛਾਂ, ਨਮੀ ਮਾਪਣ ਵਾਲੇ ਯੰਤਰ ਆਦਿ ਦੇ ਮੁਕੰਮਲ ਪ੍ਰਬੰਧ ਕਰ ਲਏ ਗਏ ਹਨ। ਸਮੂਹ ਖਰੀਦ ਏਜੰਸੀਆਂ ਵੱਲੋਂ ਮੰਡੀਆਂ ਵਿੱਚ ਖਰੀਦ ਅਮਲੇ ਦੀ ਨਿਯੁਕਤੀ ਕਰ ਦਿੱਤੀ ਗਈ ਹੈ। ਉਹਨਾਂ ਕਿਹਾ ਕਿ ਖਰੀਫ਼ ਸੀਜ਼ਨ 2025-26 ਦੌਰਾਨ ਹਰ ਆੜ੍ਹਤੀਏ ਵਲੋਂ ਸੁਨਿਸ਼ਿਚਤ ਕੀਤਾ ਜਾਵੇਗਾ ਕਿ ਕਿਸਾਨਾਂ ਦੇ ਭੋਂ ਵੇਰਵਿਆਂ ਨੂੰ ਪੰਜਾਬ ਮੰਡੀ ਬੋਰਡ ਦੇ e-mandikaran-in portal ਅਤੇ ਖ਼ੁਰਾਕ ਸਪਲਾਈਜ਼ ਵਿਭਾਗ ਦੇ anaajkharid.in portal ਉੱਤੇ ਦਰਜ ਅਤੇ ਤਸਦੀਕ ਕੀਤੇ ਜਾਣ ਅਤੇ ਕਿਸਾਨ ਵਲੋਂ ਲਿਆਂਦੀ ਗਈ ਫਸਲ ਦਰਜ ਕੀਤੀ ਭੂਮੀ ਦੇ ਅਨੁਪਾਤ ਵਿੱਚ ਹੀ ਹੋਵੇ। ਉਹਨਾਂ ਕਿਹਾ ਕਿ ਖਰੀਫ਼ ਸੀਜ਼ਨ 2025-26 ਦੌਰਾਨ ਆੜ੍ਹਤੀਆ ਵਲੋਂ ਬੋਰੀਆਂ ਉਤੇ ਛਾਪਾ ਨੀਲੇ ਰੰਗ ਦੀ ਸਿਆਹੀ ਵਿੱਚ ਲਗਾਇਆ ਜਾਵੇਗਾ ਅਤੇ ਸਿਲਾਈ ਲਾਲ ਰੰਗ ਦੇ ਧਾਗੇ ਨਾਲ ਕੀਤੀ ਜਾਵੇਗੀ।ਮੰਡੀਆਂ ਵਿਚੋਂ ਖਰੀਦ ਕੀਤੇ ਝੋਨੇ ਦੀ ਚੁਕਾਈ 72 ਘੰਟਿਆਂ ਦੇ ਅੰਦਰ ਅੰਦਰ ਕੀਤੀ ਜਾਵੇਗੀ ਅਤੇ ਲਿਫਟਿੰਗ ਸਮੇਂ ਅਨਾਜ ਖਰੀਦ ਪੋਰਟਲ ਤੇ ਆਨਲਾਈਨ ਵਿਧੀ ਰਾਹੀਂ ਗੇਟ ਪਾਸ ਜਾਰੀ ਕੀਤੇ ਜਾਣਗੇ। ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਮੰਡੀਆਂ ਵਿੱਚ ਸੁੱਕੀ ਅਤੇ ਸਾਫ਼ ਫਸਲ ਲਿਆਉਣ ਤਾਂ ਜੋ ਉਹਨਾਂ ਨੂੰ ਨਮੀ ਘਟਣ ਤੱਕ ਮੰਡੀਆਂ ਵਿਚ ਰੁਕਣਾ ਨਾ ਪਵੇ। ਇਸ ਮੌਕੇ ਮਾਰਕੀਟ ਕਮੇਟੀ ਸੰਗਰੂਰ ਦੇ ਚੇਅਰਮੈਨ ਸ੍ਰ ਅਵਤਾਰ ਸਿੰਘ ਈਲਵਾਲ, ਜ਼ਿਲ੍ਹਾ ਮੰਡੀ ਅਫ਼ਸਰ ਸ੍ਰ ਜਸਪਾਲ ਸਿੰਘ ਘੁਮਾਣ, ਸਕੱਤਰ ਮਾਰਕੀਟ ਕਮੇਟੀ ਸ੍ਰ ਨਰਿੰਦਰ ਸਿੰਘ ਅਤੇ ਵੱਡੀ ਗਿਣਤੀ ਵਿੱਚ ਕਿਸਾਨ, ਆੜ੍ਹਤੀਏ ਅਤੇ ਹੋਰ ਹਾਜ਼ਰ ਸਨ।

# ਕੇਂਦਰ ਦੀ ਭਾਜਪਾ ਸਰਕਾਰ ਸਿੱਖਾਂ ਤੇ ਪੰਜਾਬੀਆਂ ਦੇ ਖਿਲਾਫ ਕਰ ਰਹੀ ਹੈ ਕੰਮ- ਗੁਰਬਾਜ਼ ਸਿੰਘ ਸਿੱਧੂ



**ਤਲਵੰਡੀ ਸਾਬੋ**, 23 **ਸਤੰਬਰ (ਗੁਰਜੰਟ ਸਿੰਘ ਨਥੇਹਾ)**-ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਪਿਛਲੇ ਦਿਨਾਂ 'ਚ ਲਏ ਕੁਝ ਫੈਸਲਿਆਂ ਨੇ ਸਾਬਿਤ ਕਰ ਦਿੱਤਾ ਹੈ ਕਿ ਇਹ ਸਰਕਾਰ ਸਿੱਖਾਂ ਅਤੇ ਪੰਜਾਬੀਆਂ ਦੇ ਖਿਲਾਫ ਕੰਮ ਕਰ ਰਹੀ ਹੈ ਜੋ ਨਿੰਦਣਯੋਗ ਹੈ ਅਤੇ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਵਰਤਾਰੇ ਨੂੰ ਠੱਲ ਪਾਵੇ। ਉਕਤ ਵਿਚਾਰਾਂ ਦਾ ਪ੍ਰਗਟਾਵਾ ਹਲਕੇ ਦੇ ਸਾਬਕਾ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਦੇ ਸਪੁੱਤਰ ਤੇ ਨੌਜਵਾਨ ਕਾਂਗਰਸੀ ਆਗੂ ਗੁਰਬਾਜ਼ ਸਿੰਘ ਸਿੱਧੂ ਨੇ ਗੱਲਬਾਤ ਦੌਰਾਨ ਕੀਤਾ। ਸਿੱਧੂ ਜੋ ਕਿ ਨੇੜਲੇ ਪਿੰਡ ਜਗਾ ਰਾਮ ਤੀਰਥ ਵਿਖੇ ਲੋਕਾਂ ਦੇ ਨਿੱਜੀ ਪ੍ਰੋਗਰਾਮਾਂ 'ਚ ਹਾਜ਼ਰੀ ਭਰਨ ਆਏ ਸਨ ਨੇ ਬਾਅਦ 'ਚ ਗੱਲਬਾਤ ਦੌਰਾਨ ਦੱਸਿਆ ਕਿ ਹੜ੍ਹਾਂ ਕਾਰਨ ਵੱਡੀ ਪੱਧਰ 'ਤੇ ਨੁਕਸਾਨ ਦਾ ਸਾਹਮਣਾ ਕਰ ਰਹੇ ਪੰਜਾਬ ਨੂੰ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ ਮਹਿਜ਼ 1600 ਕਰੋੜ ਰੁਪਏ ਦੀ ਆਰਥਿਕ ਮਦੱਦ ਦੇਣੀ ਦਰਸਾਉਂਦਾ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਨੂੰ ਪੰਜਾਬ ਦਾ ਭੋਰਾ ਵੀ ਦਰਦ ਨਹੀ। ਸਿੱਧੂ ਨੇ ਅੱਗੇ ਕਿਹਾ ਕਿ ਹੁਣ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਹਿਲੇ ਪਾਤਸ਼ਾਹ ਦੇ ਜਨਮ ਅਸਥਾਨ ਗੁਰਦੁਆਰਾ ਨਨਕਾਣਾ ਸਾਹਿਬ ਜਾਣ ਵਾਲੀਆਂ ਸਿੱਖ ਸੰਗਤਾਂ ਦੇ ਜਾਣ 'ਤੇ ਪਾਬੰਦੀ ਲਗਾ ਕੇ ਕੇਂਦਰ ਨੇ ਸਿੱਖ ਭਾਵਨਾਵਾਂ ਨੂੰ ਵੱਡੀ ਸੱਟ ਮਾਰੀ ਹੈ ਕਿਉਂਕਿ ਦੇਸ਼ ਦੀ ਆਜ਼ਾਦੀ ਤੋਂ ਮਗਰੋਂ ਭਾਵੇਂ ਕਈ ਵਾਰ ਭਾਰਤ ਪਾਕਿ ਜੰਗਾਂ ਵੀ ਹੋਈਆਂ ਉਨ੍ਹਾਂ ਸਮਿਆਂ 'ਚ ਵੀ ਨਨਕਾਣਾ ਸਾਹਿਬ ਯਾਤਰਾ 'ਤੇ ਪਾਬੰਦੀ ਨਹੀ ਸੀ ਲੱਗੀ। ਉਨਾਂ ਮੰਗ ਕੀਤੀ ਕਿ ਸਰਕਾਰ ਸਿੱਖ ਜਥੇ 'ਤੇ ਲਾਈ ਪਾਬੰਦੀ ਨੂੰ ਮੁੜ ਵਿਚਾਰਦਿਆਂ ਸੰਗਤਾਂ ਨੂੰ ਨਨਕਾਣਾ ਸਾਹਿਬ ਜਾਣ ਦੀ ਇਜ਼ਾਜਤ ਦੇਵੇ ਤੇ ਹੜ੍ਹ ਪ੍ਰਭਾਵਿਤ ਪੰਜਾਬ ਲਈ ਵਿਸ਼ੇਸ ਆਰਥਿਕ ਪੈਕੇਜ਼ ਐਲਾਨੇ। ਸਿੱਧੂ ਨਾਲ ਸੀਨੀਅਰ ਕਾਂਗਰਸੀ ਆਗੂ ਸੁਖਬੀਰ ਸਿੰਘ ਚੱਠਾ, ਸੁਰਜੀਤ ਸ਼ਰਮਾ ਜਗਾ ਰਾਮ ਤੀਰਥ, ਹੈਪੀ ਬਹਿਮਣ ਸਮੇਤ ਕਈ ਆਗੂ ਪੁੱਜੇ ਹੋਏ ਸਨ।

### ਬਾਬਾ ਰਾਮਦੇਵ ਮੰਦਿਰ ਨਥੇਹਾ ਵਿਖੇ

# ਸਲਾਨਾ ਜੋੜਮੇਲੇ ਮੌਕੇ ਲਗਾਇਆ ਅੱਖਾਂ ਦਾ ਮੁਫ਼ਤ ਚੈੱਕਅਪ ਕੈਂਪ






**ਤਲਵੰਡੀ ਸਾਬੋ, 23 ਸਤੰਬਰ (ਗੁਰਜੰਟ ਸਿੰਘ ਨਥੇਹਾ)**- ਹਰ ਸਾਲ ਦੀ ਤਰ੍ਹਾਂ ਅੱਸੂ ਮਹੀਨੇ ਦੀ ਦੂਜ ਨੂੰ ਆਯੋਜਿਤ ਕੀਤੇ ਜਾਂਦੇ ਪਿੰਡ ਨਥੇਹਾ ਬਾਬਾ ਰਾਮਦੇਵ ਜੀ ਦੇ ਮੰਦਿਰ ਵਿਖੇ ਸਲਾਨਾ ਮੇਲੇ ਮੌਕੇ ਮੰਦਿਰ ਦੀ ਬਾਬਾ ਰਾਮਦੇਵ ਕਮੇਟੀ ਵੱਲੋਂ ਗ੍ਰਾਮ ਪੰਚਾਇਤ ਅਤ ਪਿੰਡ ਦੇ ਸਹਿਯੋਗ ਨਾਲ ਅੱਖਾਂ ਦਾ ਮੁਫ਼ਤ ਚੈੱਕਅਪ ਕੈਂਪ ਲਗਾਇਆ ਗਿਆ ਜਿਸ ਵਿੱਚ ਮੱਲੀ ਅੱਖਾਂ ਦਾ ਹਸਪਤਾਲ ਤਲਵੰਡੀ ਸਾਬੋ ਤੋਂ ਡਾਕਟਰ ਚਰਨਜੀਤ ਸਿੰਘ, ਸੰਦੀਪ ਸਿੰਘ ਖੁਸ਼ਨਦੀਪ ਸਿੰਘ ਅਤੇ ਪੀ.ਆਰ.ਓ ਪ੍ਰੇਮ ਸਿੰਘ ਅਤੇ ਸਮੁੱਚੀ ਟੀਮ ਪਹੁੰਚੀ। ਕੈਂਪ ਦਾ ਉਦਘਾਟਨ ਕਰਨ ਮੌਕੇ ਹਲਕਾ ਵਿਧਾਇਕਾ ਪ੍ਰੋ. ਬਲਜਿੰਦਰ ਕੌਰ (ਚੀਫ ਵਿਪ) ਦੇ ਪਿਤਾ ਜਥੇਦਾਰ ਦਰਸ਼ਨ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਗਲਬਾਤ ਕਰਦਿਆਂ ਜਥੇਦਾਰ ਦਰਸ਼ਨ ਸਿੰਘ ਨੇ ਜਿੱਥੇ ਮੰਦਿਰ ਕਮੇਟੀ ਅਤੇ ਸਰਪੰਚ ਸ਼੍ਰੀਮਤੀ ਰਾਜ ਰਾਣੀ, ਸਮੁੱਚੀ ਪੰਚਾਇਤ ਨੂੰ ਇਸ ਵੱਡੇ ਉਪਰਾਲੇ ਦੀ ਸਰਾਹਨਾ ਕੀਤੀ ਉਥੇ ਉਨ੍ਹਾਂ ਕਿਹਾ ਕਿ ਅਜਿਹੇ ਸਮਾਜ ਸੇਵਾ ਦੇ ਕੰਮ ਜਾਂ ਅਜਿਹੇ ਕੈਂਪ ਸਮੇਂ ਸਮੇਂ ਤੇ ਲਗਾਉਂਦੇ ਰਹੋ ਤਾਂ ਕਿ ਲੋੜਵੰਦ ਪਰਿਵਾਰ ਇਹਨਾਂ ਕੈਂਪਾਂ ਤੋਂ ਲਾਭ ਲੈ ਸਕਦੇ ਹਨ। ਇਸ ਮੌਕੇ ਆਈ ਮੱਲ੍ਹੀ ਹਸਪਤਾਲ ਦੇ ਡਾਕਟਰ ਚਰਨਜੀਤ ਸਿੰਘ ਨੇ ਦੱਸਿਆ ਕਿ ਅੱਜ ਬਾਬਾ ਰਾਮਦੇਵ ਕਮੇਟੀ ਵੱਲੋਂ ਜਿੱਥੇ ਜੋੜਮੇਲਾ ਕਰਵਾਇਆ ਜਾ ਰਿਹਾ ਹੈ ਅੱਖਾਂ ਦੀ ਚੈੱਕਅਪ ਦਾ ਕੈਂਪ ਆਯੋਜਿਤ ਕੀਤਾ ਹੈ ਉਸ ਵਿੱਚ ਸਾਡੀ ਟੀਮ ਨੇ 300 ਦੇ ਕਰੀਬ ਮਰੀਜ਼ਾਂ ਦੀਆਂ ਅੱਖਾਂ ਦੀ ਚੈੱਕਅਪ ਕੀਤੀ ਗਈ ਅਤੇ ਚਿੱਟੇ ਮੋਤੀਏ ਦੇ ਮਰੀਜਾਂ ਨੂੰ ਅਪਰੇਸ਼ਨ ਕਰਾਉਣ ਲਈ ਸਲਾਹ ਦਿੱਤੀ ਗਈ। ਪਿੰਡ ਦੇ ਸਰਪੰਚ ਸ਼੍ਰੀਮਤੀ ਰਾਜ ਰਾਣੀ ਦੇ ਪਤੀ ਸੁਖਪਾਲ ਸਿੰਘ ਨੇ ਜਥੇਦਾਰ ਦਰਸ਼ਨ ਸਿੰਘ ਜੀ ਅਤੇ ਡਾਕਟਰਾਂ ਦੀ ਟੀਮ ਦਾ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕਰਦਿਆਂ ਧੰਨਵਾਦ ਕੀਤਾ ਉਥੇ ਉਹਨਾਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਕਮੇਟੀ ਵਲੋਂ ਕੈਂਪ ਦਾ ਆਯੋਜਨ ਕੀਤਾ ਜਿਸ ਵਿੱਚ ਚੈੱਕਅਪ ਦੇ ਨਾਲ-ਨਾਲ ਮੁਫਤ ਦਵਾਈਆਂ, ਐਨਕਾਂ ਵੰਡੀਆਂ ਗਈਆਂ ਅਤੇ ਚਿੱਟੇ ਮੋਤੀਏ ਦੇ ਮਰੀਜਾਂ ਦੇ ਅਪਰੇਸ਼ਨ ਵੀ ਹਸਪਤਾਲ ਵੱਲੋਂ ਕੀਤੇ ਜਾਣਗੇ। ਇਸ ਮੌਕੇ ਬਿੱਕਰ ਸਿੰਘ ਪੰਚ, ਚਰਨਜੀਤ ਸਿੰਘ ਗੱਗੂ, ਗੁਰਪਾਲ ਸਿੰਘ, ਗੁਰਦੀਪ ਸਿੰਘ, ਭੋਲਾ ਸਿੰਘ, ਨਾਜ਼ਰ ਸਿੰਘ, ਜਗਦੇਵ ਸਿੰਘ ਅਤੇ ਸੰਦੀਪ ਸਿੰਘ (ਸਾਰੇ ਪੰਚ) ਤੋਂ ਇਲਾਵਾ ਬਾਬਾ ਰਾਮਦੇਵ ਕਮੇਟੀ ਦੇ ਸੰਦੀਪ ਰਾਮ, ਤਰਸੇਮ ਸੇਮੀ, ਰੇਸ਼ ਕੁਮਾਰ, ਛਿੰਦਾ, ਜਗਸੀਰ ਜੱਗੂ, ਬਿੱਟੂ ਮੇਗਵਾਲ, ਗੁਰਪ੍ਰੀਤ ਫੌਜੀ, ਲਛਮਣ ਸਿੰਘ, ਗੋਪਾਲ ਸਿੰਘ, ਕ੍ਰਿਸ਼ਨ ਰਾਮ, ਦੀਪ ਟੇਲਰ, ਬਿੱਕਰ ਰਾਮ, ਗਗਨੀ ਆਦਿ ਨੇ ਸੇਵਾਵਾਂ ਨਿਭਾਈਆਂ।

**ਕੈਂਪ ਦੌਰਾਨ ਪਹੁੰਚੀ ਮੱਲੀ ਆਈ ਹਸਪਤਾਲ ਦੀ ਟੀਮ**

### ਅਕਾਲੀ ਦਲ ਵਾਰਿਸ ਪੰਜਾਬ ਦੀ ਪਟਿਆਲਾ ਟੀਮ ਨੇ ਤਰਨਤਾਰਨ ਜਿਮਨੀ ਚੋਣਾਂ ਬਾਰੇ ਵਿਚਾਰ ਵਟਾਂਦਰਾ ਕੀਤਾ

# ਪਾਰਟੀ ਭਰਤੀ ਅਤੇ ਮੁਹਿੰਮ ਨੂੰ ਤੇਜ਼ ਕਰਨ ਦੇ ਫੈਸਲੇ



**ਪਟਿਆਲਾ, 23 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਮਿਤੀ 22 ਸਤੰਬਰ 2025 ਦਿਨ ਸੋਮਵਾਰ ਨੂੰ ਅਕਾਲੀ ਦਲ ਵਾਰਿਸ ਪੰਜਾਬ ਦੇ ਜਿਲੇ ਪਟਿਆਲੇ ਦੀ ਪੂਰੀ ਟੀਮ ਵੱਲੋਂ ਇੱਕ ਮੀਟਿੰਗ ਕੀਤੀ ਗਈ । ਜਿਸ ਵਿੱਚ ਤਰਨਤਾਰਨ ਦੀ ਜਿਮਨੀ ਚੋਣਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ । ਪਟਿਆਲੇ ਵਿੱਚ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਦੀ ਮੁਹਿੰਮ ਨੂੰ ਹੋਰ ਤੇਜ ਕਰਨ ਲਈ ਵਿਚਾਰਾਂ ਕੀਤੀਆਂ ਗਈਆਂ । ਜਿਸ ਵਿੱਚ ਪਾਰਟੀ ਦੀ ਭਰਤੀ ਤੇ ਪਾਰਟੀ ਦੀ ਨੀਤੀਆਂ ਵਾਰੇ ਜਾਣੂ ਕਰਾਇਆ ਜਾਵੇਗਾ ਤੇ ਲੋਕਾਂ ਵੱਲੋਂ ਪਾਰਟੀ ਨੂੰ ਮਜ਼ਬੂਤ ਕਰਨ ਲਈ ਭਰਪੂਰ ਸਹਿਯੋਗ ਮਿਲ ਰਿਹਾ ਹੈ ਇਸ ਮੌਕੇ ਵਿਸ਼ੇਸ਼ ਤੌਰ ਤੇ ਅਬਜਰਵਰ ਐਡਵੋਕੇਟ ਕਾਬਲ ਸਿੰਘ ਤੇ ਪ੍ਰੋਫੈਸਰ ਸਤਨਾਮ ਕੌਰ ਮੁੱਖ ਬੁਲਾਰਾ ਪੰਜਾਬ ਪਹੁੰਚੇ ਤੇ ਪਟਿਆਲੇ ਦੀ ਪੰਜ ਪ੍ਰਧਾਨੀ ਵਿੱਚ ਸੁਖਬੀਰ ਸਿੰਘ ਬਲਬੇੜਾ ,ਗੁਰਦੀਪ ਸਿੰਘ ਮਰਦਾਪੁਰ, ਸੰਮਸਾਦ ਅਲੀ ਘੜਾਮ, ਰਾਜਵੰਤ ਕੌਰ ਘੜਾਮ, ਜਸਵਿੰਦਰ ਸਿੰਘ ਡਰੋਲੀ, ਭੁਪਿੰਦਰ ਸਿੰਘ ਮਸੀਗਣ, ਗੁਰਪ੍ਰੀਤ ਸਿੰਘ ਬਾਰਨ, ਯਾਦਵਿੰਦਰ ਸਿੰਘ ਚੱਲਹੇੜੀ, ਪਰਮਜੀਤ ਸਿੰਘ ਮਹਿਮੂਦਪੁਰ, ਗੁਰਜੀਤ ਸਿੰਘ ਜੋਗੀਪੁਰ, ਅਵਤਾਰ ਸਿੰਘ, ਯਾਦਵਿੰਦਰ ਸਿੰਘ ਵਿਰਕ, ਮਨਪ੍ਰੀਤ ਸਿੰਘ ਭੱਪਲ, ਦਿਲਬਾਗ ਸਿੰਘ ਮਰਦਾਂਪੁਰ, ਕੁਲਵਿੰਦਰ ਸਿੰਘ ਖਾਲਾਸਪੁਰ, ਦੇਸ਼ਰਾਜ ਬਹਾਦੁਰਗੜ੍ਹ, ਹਰਵਿੰਦਰ ਸਿੰਘ ਰੁੜਕਾ, ਪਰਮਜੀਤ ਸਿੰਘ ਘਨੌਰ, ਗੁਰਜੰਟ ਸਿੰਘ ਢਢੋਗਲ, ਮਲਕੀਤ ਸਿੰਘ ਮਾਂਗਪੁਰ ਤੇ ਹੋਰ ਵੀ ਪਤਵੰਤੇ ਸੱਜਣਾ ਵੱਲੋ ਹਾਜ਼ਰੀ ਭਰੀ ਗਈ।



**-ਪਰਗਟ ਸਿੰਘ ਬਲਬੇੜਾ, 9022000070**

# ਕਾਲਜ ਵਿਦਿਆਰਥੀਆਂ ਦੇ ਪ੍ਰਤਿਭਾ ਖੋਜ ਮੁਕਾਬਲੇ ਕਰਵਾਏ



ਧੂਰੀ ( ਰਣਜੀਤ ਸਿੰਘ ਪੇਧਨੀ ): ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਦੀ ਅਗਵਾਈ ਵਿੱਚ ਯੂਥ ਫ਼ੈਸਟੀਵਲ ਲਈ ਵਿਦਿਆਰਥੀਆਂ ਦੀ ਚੋਣ ਕਰਨ ਦੇ ਮੰਤਵ ਨਾਲ ਵਿਦਿਆਰਥੀਆਂ ਦੇ ਪ੍ਰਤਿਭਾ ਖੋਜ ਮੁਕਾਬਲੇ ਕਰਵਾਏ ਗਏ। ਕਾਲਜ ਦੇ ਯੂਥ ਕੋਆਰਡੀਨੇਟਰ ਡਾ. ਸੁਭਾਸ਼ ਕੁਮਾਰ ਨੇ ਵਿਦਿਆਰਥੀਆਂ ਨੂੰ ਹੋਣ ਵਾਲੇ ਯੂਥ ਫ਼ੈਸਟੀਵਲ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਪ੍ਰਤਿਭਾ ਖੋਜ ਮੁਕਾਬਲੇ ਦੌਰਾਨ ਮਹਿੰਦੀ ਲਗਾਉਣ ਦੇ ਮੁਕਾਬਲੇ ਵਿੱਚ ਕਮਲਪ੍ਰੀਤ ਕੌਰ, ਸਾਨੀਆ ਅਤੇ ਰੁਪਿੰਦਰ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ 'ਤੇ ਚੁਣਿਆ ਗਿਆ। ਰੰਗੋਲੀ ਬਣਾਉਣ ਲਈ ਰਾਧਿਕਾ ਅਤੇ ਸਾਨੀਆ ਦੀ ਚੋਣ ਕੀਤੀ ਗਈ। ਇੰਸਟਾਲੇਸ਼ਨ ਵਿੱਚ ਜਸਕੀਰਤ ਸਿੰਘ, ਪ੍ਰਭਵਿਜੇ ਸਿੰਘ, ਜਸਕਰਨ ਸਿੰਘ ਅਤੇ ਅਰਸ਼ਦੀਪ ਸਿੰਘ ਦੀ ਚੋਣ ਕੀਤੀ ਗਈ। ਇਸ ਤੋਂ ਇਲਾਵਾ ਪੋਸਟਰ ਮੇਕਿੰਗ, ਮੌਕੇ 'ਤੇ ਚਿੱਤਰਕਾਰੀ, ਕਾਰਟੂਨਿੰਗ ਲਈ ਵੀ ਵਿਦਿਆਰਥੀਆਂ ਦੀ ਚੋਣ ਕੀਤੀ ਗਈ। ਇਸ ਮੌਕੇ ਕਾਮਰਸ ਵਿਭਾਗ ਦੇ ਕੋਆਰਡੀਨੇਟਰ ਡਾ. ਅਮਿਤਾ ਜੈਨ, ਪ੍ਰੋ. ਪ੍ਰਭਜੋਤ ਕੌਰ ਅਤੇ ਪ੍ਰੋ. ਰੁਪਾਲੀ ਗਰਗ ਹਾਜ਼ਰ ਸਨ।

# ਮੰਤਰੀ ਈ.ਟੀ.ਓ. ਨੇ ਮੰਡੀ ਮਹਿਤਾ ਵਿਖੇ ਝੋਨੇ ਦੀ ਸਰਕਾਰੀ ਖਰੀਦ ਕਰਵਾਈ ਸ਼ੁਰੂ



ਚੌਂਕ ਮਹਿਤਾ, 23 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)- ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਅੱਜ ਦਾਣਾ ਮੰਡੀ ਮਹਿਤਾ ਵਿਖੇ ਪਹੁੰਚੇ, ਜਿੱਥੇ ਉਨਾਂ ਨੇ ਦੇ ਵੱਲੋਂ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ ਗਈ। ਇਸ ਦੌਰਾਨ ਮਾਰਕੀਟ ਕਮੇਟੀ ਮਹਿਤਾ ਦੇ ਚੇਅਰਮੈਨ ਡਾ ਗੁਰਵਿੰਦਰ ਸਿੰਘ ਰੰਧਾਵਾ, ਮਾਰਕੀਟ ਕਮੇਟੀ ਦੇ ਸਕੱਤਰ ਬਿਕਰਮਜੀਤ ਸਿੰਘ, ਬਲਾਕ ਪ੍ਰਧਾਨ ਜਰਮਨ ਉਦੋਨੰਗਲ, ਬਲਾਕ ਪ੍ਰਧਾਨ ਗੁਰਜਿੰਦਰ ਸਿੰਘ ਘੁਹਾਟਵਿੰਡ, ਪਨਗਰੇਨ ਇੰਸਪੈਕਟਰ ਪ੍ਰਭਜੋਤ ਸਿੰਘ, ਮਾਰਕਫੈੱਡ ਇੰਸਪੈਕਟਰ ਪੁਸ਼ਿਪੰਦਰ ਸਿੰਘ, ਵੇਅਰ ਹਾਊਸ ਦੇ ਇੰਸਪੈਕਟਰ ਹਰਪ੍ਰੀਤ ਸਿੰਘ ਵੀ ਉਨਾਂ ਦੇ ਨਾਲ ਮੌਜੂਦ ਸਨ। ਇਸ ਸਮੇਂ ਮੰਤਰੀ ਈ.ਟੀ.ਓ. ਨੇ ਆਖਿਆ ਕਿ ਮੁੱਖ ਮੰਤਰੀ ਗਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਝੋਨੇ ਦੀ ਖਰੀਦ ਨੂੰ ਲੈਕੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਹਨ, ਉਨਾਂ ਆਖਿਆ ਕਿ ਮੰਡੀ ਮਹਿਤਾ ਵਿਚ ਪਨਗਰੇਨ, ਮਾਰਕਫੈੱਡ ਅਤੇ ਵੇਅਰ ਹਾਊਸ ਤਿੰਨ ਸਰਕਾਰੀ ਏਜੰਸੀਆਂ ਝੋਨੇ ਦੀ ਖਰੀਦ ਕਰਨਗੀਆਂ। ਉਨਾਂ ਨੇ ਕਿਸਾਨਾਂ ਦੀ ਸਹੂਲਤ ਸਬੰਧੀ ਸਾਰੇ ਪ੍ਰਬੰਧ ਮੁਕੰਮਲ ਕਰ ਲੈਣ ਨੂੰ ਲੈਕੇ ਮਾਰਕੀਟ ਕਮੇਟੀ ਦੇ ਸੈਕਟਰੀ ਨੂੰ ਹਦਾਇਤਾਂ ਜਾਰੀ ਕੀਤੀਆਂ। ਉਨਾਂ ਨੇ ਕਿਸਾਨ ਭਰਾਵਾਂ ਨੂੰ ਸੁੱਕੀ ਫ਼ਸਲ ਮੰਡੀ ਲਿਆਉਣ ਦੀ ਅਪੀਲ ਕੀਤੀ, ਤਾਂ ਜ਼ੋ ਫਸਲ ਵੇਚਣ ਸਮੇਂ ਕੋਈ ਵੀ ਮੁਸ਼ਕਿਲ ਨਾ ਆਵੇ। ਇਸ ਮੌਕੇ ਪ੍ਰਧਾਨ ਸੁਖਦੇਵ ਸਿੰਘ ਬੁੱਟਰ, ਪ੍ਰਧਾਨ ਗੁਰਮੁਖ ਸਿੰਘ ਡੇਅਰੀਵਾਲ, ਜੱਥੇ ਰਾਜਬੀਰ ਸਿੰਘ ਉਦੋਨੰਗਲ, ਪ੍ਰਧਾਨ ਦਵਿੰਦਰ ਸਿੰਘ ਮੱਲੀ, ਪ੍ਰਧਾਨ ਜਤਿੰਦਰ ਸਿੰਘ ਲੱਧਾਮੁੰਡਾ, ਗੁਰਜਿੰਦਰ ਸਿੰਘ ਘੁਹਾਟਵਿੰਡ, ਗੁਰਵੇਲ ਸਿੰਘ ਡੇਅਰੀਵਾਲ, ਕੇਵਲ ਕ੍ਰਿਸ਼ਨ ਮੋਦਗਿਲ, ਪ੍ਰਧਾਨ ਬਲਜਿੰਦਰ ਸਿੰਘ ਹੈਪੀ, ਰਣਜੀਤ ਸਿੰਘ ਸਿੱਧੂ, ਗੁਲਜਿੰਦਰ ਸਿੰਘ ਲਾਡੀ ਨੰਬਰਦਾਰ, ਅਜੀਤ ਸਿੰਘ ਬੱਬੀ ਪੰਚ, ਗੁਰਪਿੰਦਰ ਸਿੰਘ ਲਾਲੀ, ਰਜਿੰਦਰ ਸਿੰਘ ਉਦੋਨੰਗਲ, ਗੁਰਮੁਖ ਸਿੰਘ ਸਾਹਿਬ, ਜਸਬੀਰ ਸਿੰਘ ਜਲਾਲ, ਅਮਿਤ ਕੁਮਾਰ, ਹਰਪਾਲ ਸਿੰਘ ਜੱਜ, ਸੁਖਬੀਰ ਸਿੰਘ ਬੋਪਾਰਾਏ, ਕੁਲਵੰਤ ਸਿੰਘ ਬਟਾਲਾ, ਪਵਨ ਕੁਮਾਰ ਬਟਾਲਾ, ਚਮਕੌਰ ਸਿੰਘ, ਬੌਬੀ ਜੈਨ, ਬਿੱਕਾ ਮੁਝੈਲ, ਬੌਬੀ ਸਲਹੋਤਰਾ, ਸੰਦੀਪ ਸਿੰਘ ਬਟਾਲਾ, ਰਾਏ ਅਗਰਵਾਲ ਤੋਂ ਇਲਾਵਾ ਮਾਰਕੀਟ ਕਮੇਟੀ ਦੇ ਅਧਿਕਾਰੀ ਸੰਦੀਪ ਸਿੰਘ ਤਨੇਲ, ਜਗਦੀਪ ਸਿੰਘ ਮਹਿਤਾ, ਗੁਰਸੇਵਕ ਸਿੰਘ ਮਹਿਤਾ ਤੋਂ ਇਲਾਵਾ ਹੋਰ ਵੀ ਆੜਤੀਏ ਮੌਜੂਦ ਸਨ।

# ਫਲਿਪਕਾਰਟ ਇੰਟਰਨੈੱਟ ਪ੍ਰਾਈਵੇਟ ਲਿਮਿਟਡ ਕੰਪਨੀ ਵੱਲੋਂ ਪਲੇਸਮੈਂਟ ਕੈਂਪ 24 ਸਤੰਬਰ ਨੂੰ

ਸੰਗਰੂਰ ( ਰਣਜੀਤ ਸਿੰਘ ਪੇਧਨੀ ) ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸੰਗਰੂਰ ਵੱਲੋਂ ਫਲਿਪਕਾਰਟ ਇੰਟਰਨੈੱਟ ਪ੍ਰਾਈਵੇਟ ਲਿਮਿਟਡ ਕੰਪਨੀ ਨਾਲ ਤਾਲਮੇਲ ਕਰਕੇ ਮਿਤੀ 24 ਸਤੰਬਰ ਦਿਨ ਬੁੱਧਵਾਰ ਨੂੰ ਨੌਕਰੀ ਦੇ ਚਾਹਵਾਨ ਪ੍ਰਾਰਥੀਆਂ ਲਈ ਜ਼ਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਦਫ਼ਤਰ, ਸੰਗਰੂਰ ਵਿਖੇ ਇੱਕ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਕੰਪਨੀ ਵੱਲੋਂ ਡਿਲੀਵਰੀ ਪਰਸਨ (ਲੜਕੇ ਅਤੇ ਲੜਕੀਆਂ ਦੋਵਾਂ ਲਈ) ਦੀ ਅਸਾਮੀ ਲਈ ਇੰਟਰਵਿਊ ਲਈ ਜਾਵੇਗੀ। ਜਿਸ ਲਈ ਪ੍ਰਾਰਥੀ ਦੀ ਵਿਦਿਅਕ ਯੋਗਤਾ 10ਵੀਂ, 12ਵੀਂ, ਗਰੈਜੂਏਟ ਪਾਸ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਉਮਰ 18 ਤੋਂ 45 ਸਾਲ ਹੋਣੀ ਚਾਹੀਦੀ ਹੈ। ਚਾਹਵਾਨ ਅਤੇ ਯੋਗ ਪ੍ਰਾਰਥੀ ਰਜਿਊਮ ਅਤੇ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਲੈ ਕੇ ਇਸ ਇੰਟਰਵਿਊ ਵਿੱਚ ਭਾਗ ਲੈ ਸਕਦੇ ਹਨ। ਇੰਟਰਵਿਊ ਵਿੱਚ ਭਾਗ ਲੈਣ ਲਈ ਕੋਈ ਵੀ ਟੀ.ਏ ਅਤੇ ਡੀ.ਏ ਦੇਣ ਯੋਗ ਨਹੀਂ ਹੋਵੇਗਾ। ਵਧੇਰੇ ਜਾਣਕਾਰੀ ਲਈ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸੰਗਰੂਰ ਵਿਖੇ ਸੰਪਰਕ ਕਰ ਸਕਦੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਏ ਆਈ ਦੀ ਵਰਤੋਂ ਨਾਲ ਸ਼੍ਰੀ ਦਰਬਾਰ ਸਾਹਿਬ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ

# ਬੇਅਦਬੀ ਸਹਿਣਯੋਗ ਨਹੀਂ, ਪੁਲਿਸ ਤੁਰੰਤ ਕਰੇ ਕਾਰਵਾਈ: ਪਰਮਜੀਤ ਸਿੰਘ ਵੀਰਜੀ



ਨਵੀਂ ਦਿੱਲੀ 23 ਸੰਤਬਰ (ਮਨਪ੍ਰੀਤ ਸਿੰਘ ਖਾਲਸਾ):- ਏ ਆਈ ਤਕਨੀਕ ਦੀ ਦੁਰਵਰਤੋਂ ਕਰਕੇ ਮੁੜ ਸਿੱਖ ਭਾਵਨਾਵਾਂ ਨੂੰ ਗਹਿਰੀ ਚੋਟ ਪਹੁੰਚਾਈ ਜਾ ਰਹੀ ਹੈ । ਗੁਰੂਬਾਣੀ ਰਿਸਰਚ ਫਾਉਂਡੇਸ਼ਨ ਦੇ ਮੁੱਖੀ, ਦਿੱਲੀ ਕਮੇਟੀ ਦੀ ਧਰਮਪ੍ਰਚਾਰ ਵਿੰਗ ਦੇ ਸਾਬਕਾ ਕੋ ਚੇਅਰਮੈਨ ਅਤੇ ਸ਼ੋ੍ਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਸਰਗਰਮ ਆਗੂ ਸਰਦਾਰ ਪਰਮਜੀਤ ਸਿੰਘ ਵੀਰ ਜੀ ਕਿਹਾ ਕਿ ਇਸ ਤਕਨੀਕ ਦੀ ਦੁਰਵਰਤੋਂ ਨਾਲ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਅੰਦਰ ਸ਼ਰਾਰਤੀ ਅਨਸਰ ਵਲੋਂ ਗੁਰੂ ਗ੍ਰੰਥ ਸਾਹਿਬ

ਆਵਾਜ਼ਿ ਕੌਮ AWAZE QAUM International Newspaper & WEB TV

ਜੀ ਦੇ ਆਲੇ ਦੁਆਲੇ ਸੂਰ ਦਿਖਾ ਰਹੇ ਹਨ ਜਿਨ੍ਹਾਂ ਵਿੱਚੋਂ ਇਕ ਗੁਰੂ ਗ੍ਰੰਥ ਸਾਹਿਬ ਜੀ ਉਪਰ ਚੜ੍ਹ ਜਾਂਦਾ ਹੈ ਤੇ ਅਗਲੇ ਦ੍ਰਿਸ਼ ਵਿਚ ਖੱਚਰ ਗੁਰੂ ਗ੍ਰੰਥ ਸਾਹਿਬ ਜੀ ਵਲ ਵੱਧ ਰਹੇ ਹਨ ਜਿਨ੍ਹਾਂ ਨੂੰ ਦੇਖ ਕੇ ਗ੍ਰੰਥੀ ਸਿੰਘ ਅਤੇ ਸੇਵਾਦਾਰ ਸਿੰਘ ਰੁਮਾਲਾ ਸਾਹਿਬ ਜੀ ਨੂੰ ਸੁਟ ਦੇਂਦੇ ਹਨ। ਇਸ ਤਕਨੀਕ ਦੀ ਵਰਤੋਂ ਨਾਲ ਦੇਸ਼ ਵਿਚ ਅਰਾਜਕਤਾ ਫੈਲਣ ਦੇ ਨਾਲ ਦੇਸ਼ ਦਾ ਮਾਹੌਲ ਵੀਂ ਖਰਾਬ ਹੋ ਸਕਦਾ ਹੈ ਜਿਸ ਨਾਲ ਵਡੀ ਗਿਣਤੀ ਵਿਚ ਜਾਨ ਮਾਲ ਦਾ ਨੁਕਸਾਨ ਹੋ ਸਕਦਾ ਹੈ ।ਦੇਸ਼ ਦੇ ਨਾਗਰਿਕਾਂ ਦੀ ਸੁਰੱਖਿਆ ਦੀ ਜਿੰਮੇਵਾਰੀ ਕੇਂਦਰ ਸਰਕਾਰ ਦੀ ਹੁੰਦੀ ਹੈ ਇਸ ਲਈ ਦੇਸ਼ ਦੀਆਂ ਸਰਕਾਰਾਂ ਦੇ ਸਾਈਬਰ ਕਰਾਈਮ ਸੈੱਲ ਅਤੇ ਪੁਲਿਸ ਮਹਿਕਮੇ ਦੀ ਜ਼ੁੰਮੇਵਾਰੀ ਬਣਦੀ ਹੈ ਕਿ ਉਹ ਅਜਿਹੇ ਮਾਮਲਿਆਂ 'ਤੇ ਰੋਕ ਲਗਾਉਣ ਲਈ ਠੋਸ ਯਤਨ ਕਰੇ। ਉਨ੍ਹਾਂ ਕਿਹਾ ਕਿ ਅਸੀਂ ਪਹਿਲਾਂ ਵੀਂ ਇਸ ਤਰ੍ਹਾਂ ਦੇ ਕਈ ਮਾਮਲਿਆਂ ਬਾਰੇ ਆਵਾਜ਼ ਚੁਕੀ ਹੈ ਪਰ ਉਨ੍ਹਾਂ ਉਪਰ ਕਿਸੇ ਕਿਸਮ ਦੀ ਕਾਰਵਾਈ ਨਾ ਹੋਣ ਕਰਕੇ ਸ਼ਰਾਰਤੀ ਅਨਸਰਾਂ ਦੇ ਹੌਂਸਲੇ ਵੱਧ ਗਏ ਹਨ ।ਅੰਤ ਵਿਚ ਉਨ੍ਹਾਂ ਕਿਹਾ ਕਿ ਅਸੀਂ ਜੱਥੇਦਾਰ ਅਕਾਲ ਤਖਤ ਸਾਹਿਬ ਨੂੰ ਅਪੀਲ ਕਰਦੇ ਹਾਂ ਕਿ ਇਸ ਅਤਿ ਗੰਭੀਰ ਮਸਲੇ ਨੂੰ ਪਹਿਲ ਦੇ ਆਧਾਰ ਤੇ ਲੈਂਦੇ ਹੋਏ ਦੇਸ਼ ਦੀਆਂ ਸਮੁੱਚੀ ਏਜੰਸੀਆਂ ਅਤੇ ਪੁਲਿਸ ਮਹਿਕਮੇ ਨਾਲ ਰਾਬਤਾ ਕਾਇਮ ਕਰਕੇ ਇਸ ਤਕਨੀਕ ਉਪਰ ਰੋਕ ਲਗਵਾਏ ਜਾਨ ਲਈ ਪਹਿਲਕਦਮੀ ਕਰਣੀ ਚਾਹੀਦੀ ਹੈ ਜਿਸ ਨਾਲ ਭਵਿੱਖ ਵਿਚ ਕਿਸੇ ਵੀਂ ਧਰਮ ਦੇ ਨਾਲ ਖਿਲਵਾੜ ਨਾ ਕੀਤਾ ਜਾ ਸਕੇ ।

**ਜੱਥੇਦਾਰ ਅਕਾਲ ਤਖਤ ਸਾਹਿਬ ਇਸ ਅਤਿ ਗੰਭੀਰ ਮਾਮਲੇ ਨੂੰ ਪਹਿਲ ਦੇ ਆਧਾਰ ਤੇ ਲੈ ਕੇ ਕਾਰਵਾਈ ਕਰਨ**

### ਲੋਕ ਅਫ਼ਵਾਹਾਂ ਤੋਂ ਬਚਣ, ਲੱਛਣ ਸਾਹਮਣੇ ਆਉਣ 'ਤੇ

# ਸਰਕਾਰੀ ਸਿਹਤ ਸੰਸਥਾਵਾਂ ਨਾਲ ਸੰਪਰਕ ਕੀਤਾ ਜਾਵੇ - ਜ਼ਿਲ੍ਹਾ ਐਪੀਡੀਮੋਲੋਜਿਸਟ ਸੰਗਰੂਰ



**ਸੁਨਾਮ ਊਧਮ ਸਿੰਘ ਵਾਲਾ( ਰਣਜੀਤ ਸਿੰਘ ਪੇਧਨੀ )** - ਭਾਰੀ ਮੀਂਹ ਉਪਰੰਤ ਸ਼ਹਿਰ ਸੁਨਾਮ ਦੇ ਕਈ ਇਲਾਕਿਆਂ ਵਿੱਚ ਬੁਖ਼ਾਰ ਅਤੇ ਹੋਰ ਮੌਸਮੀ ਬਿਮਾਰੀਆਂ ਦੇ ਫੈਲਣ ਤੋਂ ਬਚਾਅ ਲਈ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਦੀਆਂ ਹਦਾਇਤਾਂ ਉੱਤੇ ਸੁਨਾਮ ਵਿਖੇ ਵਿਸ਼ੇਸ਼ ਸਿਹਤ ਜਾਂਚ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਸ਼ਹਿਰ ਦੇ ਹਰ ਵਾਰਡ ਅਤੇ ਘਰ-ਘਰ ਜਾ ਕੇ ਸਿਹਤ ਜਾਂਚ ਕੀਤੀ ਜਾ ਰਹੀ ਹੈ। ਅੱਜ ਸੁਨਾਮ ਸ਼ਹਿਰ ਦੇ ਸਲੱਮ ਖੇਤਰ (ਡਿਸਪੈਂਸਰੀ ਦਸਮੇਸ਼ ਨਗਰ) ਵਿਖੇ ਸਿਹਤ ਵਿਭਾਗ ਦੀ ਇਕ ਵਿਸ਼ੇਸ਼ ਟੀਮ ਵੱਲੋਂ ਦੌਰਾ ਕੀਤਾ ਗਿਆ ਅਤੇ ਲੋਕਾਂ ਦੀ ਸਿਹਤ ਜਾਂਚ ਕੀਤੀ ਗਈ। ਇਸ ਟੀਮ ਵਿੱਚ ਡਾ. ਉਪਾਸਨਾ, ਜ਼ਿਲ੍ਹਾ ਐਪੀਡੀਮੋਲੋਜਿਸਟ ਸੰਗਰੂਰ, ਡਾ. ਅਮਿਤ ਸਿੰਗਲਾ, ਕਾਰਜਕਾਰੀ ਐੱਸ.ਐਮ.ਓ. ਸਮੇਤ ਸਿਹਤ ਵਿਭਾਗ ਦੇ ਵੱਖ ਵੱਖ ਅਧਿਕਾਰੀ ਤੇ ਮੈਡੀਕਲ ਟੀਮਾਂ ਸ਼ਾਮਲ ਸਨ। ਗੱਲਬਾਤ ਕਰਦਿਆਂ ਡਾ. ਉਪਾਸਨਾ, ਜ਼ਿਲ੍ਹਾ ਐਪੀਡੀਮੋਲੋਜਿਸਟ ਸੰਗਰੂਰ ਨੇ ਦੱਸਿਆ ਕਿ ਸੁਨਾਮ ਦੇ ਕਈ ਇਲਾਕਿਆਂ ਵਿੱਚ ਬੁਖ਼ਾਰ ਅਤੇ ਹੋਰ ਮੌਸਮੀ ਬਿਮਾਰੀਆਂ ਦੀਆਂ ਖ਼ਬਰਾਂ ਮਿਲਣ ਉੱਤੇ ਸਿਹਤ ਵਿਭਾਗ ਵੱਲੋਂ ਤਿੰਨ ਮੈਡੀਸਿਨ ਡਾਕਟਰ ਅਤੇ ਇਕ ਬੱਚਿਆਂ ਦੇ ਮਾਹਿਰ ਡਾਕਟਰ ਅਗਲੇ 6 ਦਿਨ ਪ੍ਰਭਾਵਿਤ ਇਲਾਕਿਆਂ ਵਿੱਚ ਹਾਜ਼ਰ ਰਹਿਣਗੇ। ਅਗਲੇ 6 ਦਿਨ ਤਿੰਨ ਐੱਮ ਡੀ ਮੈਡੀਸਿਨ ਅਤੇ ਤਿੰਨ ਬੱਚਿਆਂ ਦੇ ਰੋਗਾਂ ਦੇ ਮਾਹਿਰ ਡਾਕਟਰ ਰੋਜ਼ਾਨਾ ਓ ਪੀ ਡੀ ਕਰਨਗੇ। ਟੀਮਾਂ ਦੀ ਰੋਟੇਸ਼ਨ ਵਾਰ ਡਿਊਟੀ ਲਗਾਈ ਗਈ ਹੈ। ਉਹਨਾਂ ਕਿਹਾ ਕਿ ਇਹ ਟੀਮਾਂ ਸ਼ੱਕੀ ਮਰੀਜ਼ਾਂ ਦੀ ਜਾਂਚ ਕਰਨਗੀਆਂ ਪੁਸ਼ਟੀ ਹੋਣ ਉੱਤੇ ਮਰੀਜ਼ ਨੂੰ ਇਲਾਜ਼ ਲਈ ਸਰਕਾਰੀ ਹਸਪਤਾਲ ਜਾਣਾ ਪਵੇਗਾ। ਪੰਜਾਬ ਸਰਕਾਰ ਵੱਲੋਂ ਸਰਕਾਰੀ ਹਸਪਤਾਲਾਂ ਵਿੱਚ ਇਲਾਜ਼ ਦੇ ਸਾਰੇ ਪ੍ਰਬੰਧ ਕੀਤੇ ਹੋਏ ਹਨ। ਉਹਨਾਂ ਆਮ ਲੋਕਾਂ ਨੂੰ ਵੀ ਹਦਾਇਤ ਕੀਤੀ ਕਿ ਡੇਂਗੂ ਅਤੇ ਹੋਰ ਵੈਕਟਰ-ਬੋਰਨ ਬਿਮਾਰੀਆਂ ਨਾਲ ਪੀੜਤ ਮਰੀਜ਼ਾਂ ਵਿੱਚ ਤੇਜ਼ ਬੁਖ਼ਾਰ, ਸਰੀਰ ਵਿੱਚ ਦਰਦ, ਜੋੜਾਂ ਵਿੱਚ ਦਰਦ, ਪੇਟ ਵਿੱਚ ਗੜਬੜ ਅਤੇ ਕਈ ਵਾਰ ਭੁੱਖ ਦੀ ਕਮੀ ਆਦਿ ਦੇ ਲੱਛਣ ਵੇਖਣ ਨੂੰ ਮਿਲਦੇ ਹਨ। ਜੇਕਰ ਕਿਸੇ ਮਰੀਜ਼ ਵਿੱਚ ਉਪਰੋਕਤ ਲੱਛਣ ਪਰਿਵਾਰਕ ਮੈਂਬਰਾਂ ਦੁਆਰਾ ਵੇਖੇ ਜਾਣ, ਤਾਂ ਉਸਨੂੰ ਤੁਰੰਤ ਸਿਵਲ ਹਸਪਤਾਲ ਸੁਨਾਮ /ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਕੋਲ ਲਿਜਾਇਆ ਜਾਏ ।ਸਿਵਲ ਹਸਪਤਾਲ ਸੁਨਾਮ ਵਿੱਚ ਮਰੀਜ਼ਾਂ ਲਈ ਮੁਫ਼ਤ ਲੈਬ ਟੈਸਟ (ਕਮਰਾ ਨੰਬਰ 22) ਕੀਤੇ ਜਾ ਰਹੇ ਹਨ ਅਤੇ ਹੋਰ ਜ਼ਰੂਰੀ ਟੈਸਟ ਕ੍ਰਿਸ਼ਨਾ ਡਾਇਗਨੋਸਟਿਕ ਸੈਂਟਰ (ਕਮਰਾ ਨੰਬਰ 27) ਪੁਰਾਣੇ ਓਪੀਡੀ ਕੰਪਲੈਕਸ ਦੇ ਬਾਹਰ ਸਿਵਲ ਹਸਪਤਾਲ ਸੁਨਾਮ ਵਿੱਚ ਉਪਲਬਧ ਹਨ। ਇਲਾਜ ਦਾ ਮੁੱਖ ਤਰੀਕਾ ਠੰਡੇ ਪਾਣੀ ਦੀ ਪੁੱਟੀ ਅਤੇ ਉਚਿਤ ਦਵਾਈ ਇਲਾਜ ਹੈ ।ਸਾਰੀਆਂ ਜ਼ਰੂਰੀ ਦਵਾਈਆਂ ਸਿਵਲ ਹਸਪਤਾਲ ਵਿੱਚ ਮੁਫ਼ਤ ਉਪਲਬਧ ਹਨ। ਉਹਨਾਂ ਹੋਰ ਦੱਸਿਆ ਕਿ ਆਪਣੇ ਆਲੇ ਦੁਆਲੇ ਵਿੱਚ ਪਾਣੀ ਖੜ੍ਹਾ ਹੋਣ ਤੋਂ ਬਚਾਓ, ਪੂਰੀ ਬਾਹਾਂ ਵਾਲੇ ਕੱਪੜੇ ਅਤੇ ਜੁੱਤੀ-ਚੱਪਲ ਪਹਿਨੋ, ਮੱਛਰ ਭਗਾਉਣ ਵਾਲੇ ਉਪਕਰਣ / ਕਰੀਮ ਵਰਤੋਂ, ਬੱਚਿਆਂ, ਬਜ਼ੁਰਗਾਂ ਅਤੇ ਗਰਭਵਤੀ ਔਰਤਾਂ ਦੀ ਖਾਸ ਦੇਖਭਾਲ ਕਰੋ, ਸਫ਼ਾਈ, ਸਿਹਤਮੰਦ ਖੁਰਾਕ ਅਤੇ ਲੋੜੀਂਦੀ ਮਾਤਰਾ ਵਿੱਚ ਪਾਣੀ ਪੀਣਾ ਯਕੀਨੀ ਬਣਾਓ।

ਦੱਸਣਯੋਗ ਹੈ ਕਿ ਸੀਨੀਅਰ ਮੈਡੀਕਲ ਅਫਸਰ, ਇੰ. ਸਿਵਲ ਹਸਪਤਾਲ, ਸੁਨਾਮ ਊਧਮ ਸਿੰਘ ਵਾਲਾ ਨੇ ਕੁਝ ਦਿਨ ਪਹਿਲਾਂ ਪ੍ਰਾਈਵੇਟ ਲੈਬੋਰੇਟਰੀਜ਼, ਸੁਨਾਮ ਦੇ ਪ੍ਰਧਾਨ ਸ੍ਰੀ ਜਗਦੀਪ ਭਾਰਦਵਾਜ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ ਸੁਨਾਮ ਵਿਖੇ ਚੱਲ ਰਹੀਆਂ ਸਮੂਹ ਪ੍ਰਾਈਵੇਟ ਲੈਬੋਰੇਟਰੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਉਹਨਾਂ ਦੀ ਲੈਬ ਵਿੱਚ ਹੋਣ ਵਾਲੇ ਟੈਸਟਾਂ ਦੀ ਕੀਮਤ ਵਿੱਚ ਆਮ ਦਿਨਾਂ ਨਾਲੋਂ 10 ਪ੍ਰਤੀਸ਼ਤ ਛੋਟ ਦਿੱਤੀ ਜਾਵੇ ।ਲੈਬ ਵਿੱਚ ਹੋਣ ਵਾਲੇ ਟੈਸਟਾਂ ਦੀ ਫੀਸ ਡਿਸਪਲੇ ਤੇ ਲਗਾਈ ਜਾਈ ਯਕੀਨੀ ਬਣਾਈ ਜਾਵੇ। ਜੇਕਰ ਕੋਈ ਟੈਸਟ ਪੋਜੇਟਿਵ ਆਵੇ ਤਾਂ ਮਰੀਜ਼ ਨੂੰ ਸਹੀ ਤਰੀਕੇ ਨਾਲ ਗਾਈਡ ਕੀਤਾ ਜਾਵੇ। ਉਹਨਾਂ ਕਿਹਾ ਕਿ ਲੋਕ ਹਿਤ ਵਿੱਚ ਇਹਨਾਂ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। ਅੱਜ ਫਿਰ ਉਕਤ ਹਦਾਇਤ ਦੁਹਰਾਈ ਗਈ।

ਇਸ ਮੌਕੇ ਜਤਿੰਦਰ ਜੈਨ ਮੀਡੀਆ ਕੋਆਰਡੀਨੇਟਰ (ਕੈਬਨਿਟ ਮੰਤਰੀ ਅਮਨ ਅਰੋੜਾ), ਕੌਂਸਲਰ ਆਸ਼ੂ ਗੋਇਲ, ਸਤਪਾਲ ਸੱਤੀ, ਨਿਰਮਲਾ ਦੇਵੀ, ਮਨੀ ਸਾਰੋਂ ਅਤੇ ਹੋਰ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

**ਸੁਨਾਮ ਵਿੱਚ 6 ਦਿਨ ਤਿੰਨ ਐੱਮ ਡੀ ਮੈਡੀਸਿਨ ਅਤੇ ਤਿੰਨ ਬੱਚਿਆਂ ਦੇ ਰੋਗਾਂ ਦੇ ਮਾਹਿਰ ਡਾਕਟਰ ਓ ਪੀ ਡੀ ਕਰਨਗੇ, ਰੋਟੇਸ਼ਨ ਵਾਰ ਡਿਊਟੀ ਲਗਾਈ**

# ਪੰਜਾਬ ਸਰਕਾਰ ਦਾ "ਰੰਗਲਾ ਫੰਡ" ਬਨਾਮ ਲੋਕਾਂ ਨਾਲ "ਠੱਗੀ ਦਾ ਨਵਾਂ ਢੰਗ" : ਸ਼ਮਸ਼ੇਰ ਸਿੰਘ ਪੱਧਰੀ

### ਸ਼ਮਸ਼ੇਰ ਸਿੰਘ ਪੱਧਰੀ ਨੇ ਸਿਹਤ ਤੇ ਹੜ੍ਹਾਂ ਦੇ ਮੁੱਦੇ 'ਤੇ ਆਮ ਆਦਮੀ ਪਾਰਟੀ ਦਾ ਪਿਟਾਰਾ ਖੋਲਿਆ






**ਅੰਮ੍ਰਿਤਸਰ 23 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਅਕਾਲੀ ਦਲ ਵਾਰਿਸ ਪੰਜਾਬ ਦੇ ਅੰਮ੍ਰਿਤਸਰ ਦੇ ਕਾਰਜਕਾਰੀ ਕਮੇਟੀ ਮੈਂਬਰ ਭਾਈ ਸ਼ਮਸ਼ੇਰ ਸਿੰਘ ਪੱਧਰੀ ਨੇ ਅੱਜ ਇਕ ਪ੍ਰੈਸ ਨੋਟ ਰਾਹੀਂ ਖੁਲਾਸੇ ਕਰਦਿਆਂ ਆਮ ਆਦਮੀ ਪਾਰਟੀ ਦੀ ਤਰਨਤਾਰਨ ਜ਼ਿਮਨੀ ਚੋਣਾਂ ਦੌਰਾਨ ਵੋਟਰਾਂ ਨੂੰ ਮੂਰਖ ਬਣਾਉਣ ਵਾਲੀ ਨਵੀਂ ਚਾਲ ਦਾ ਪਰਦਾਫਾਸ਼ ਕੀਤਾ। ਸ਼ਮਸ਼ੇਰ ਸਿੰਘ ਪੱਧਰੀ ਨੇ ਕਿਹਾ ਕਿ ਪੰਜਾਬ ਸਰਕਾਰ "ਰੰਗਲਾ ਪੰਜਾਬ ਫੰਡ" ਬਨਾਮ "ਠੱਗੀ ਦਾ ਨਵਾਂ ਢੰਗ ਚਲਾਉਣ ਜਾ ਰਹੀ ਹੈ, ਜਦਕਿ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਸਰਕਾਰ ਕੋਲ ਕੋਈ ਬਜਟ ਹੀ ਨਹੀਂ। ਹੜ੍ਹਾਂ ਨਾਲ ਤਬਾਹ ਹੋਏ ਪਰਿਵਾਰਾਂ ਨੂੰ ਰਾਹਤ ਦੇਣ ਦੀ ਬਜਾਏ ਸਰਕਾਰ ਲੋਕਾਂ ਤੋਂ ਹੀ ਪੈਸਾ ਇਕੱਠਾ ਕਰਨ ਦੀ ਨਾਟਕਬਾਜ਼ੀ ਕਰ ਰਹੀ ਹੈ। ਉਨ੍ਹਾਂ ਹਿੰਦੁਸਤਾਨ ਟਾਈਮਜ਼ ਦੀ ਤਾਜ਼ਾ ਰਿਪੋਰਟ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਲੁਧਿਆਣਾ ਸਿਵਲ ਹਸਪਤਾਲ ਅਤੇ ਪੰਜਾਬ ਦੇ ਹੋਰ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਦੀਆਂ ਜ਼ਿਆਦਾਤਰ ਅਸਾਮੀਆਂ ਖਾਲੀ ਪਈਆਂ ਹਨ। "ਸਿਹਤ ਬੀਮਾ ਯੋਜਨਾਂ ਲਈ ਨਾਂ ਤਾਂ ਕੋਈ ਪੱਕਾ ਬਜਟ ਹੈ, ਨਾਂ ਹੀ ਮੈਡੀਕਲ ਢਾਂਚੇ ਵਿੱਚ ਸੁਧਾਰ ਲਈ ਰਾਜ ਸਰਕਾਰ ਨੇ ਕੋਈ ਯੋਜਨਾ ਬਣਾਈ ਹੈ। ਲੋਕਾਂ ਨੂੰ ਸਿਰਫ਼ ਚਮਕ-ਦਮਕ ਵਾਲੇ ਇਸ਼ਿਤਹਾਰਾਂ ਨਾਲ ਠੱਗਿਆ ਜਾ ਰਿਹਾ ਹੈ। ਸ਼ਮਸ਼ੇਰ ਸਿੰਘ ਪੱਧਰੀ ਨੇ ਹੋਰ ਖੁਲਾਸਾ ਕੀਤਾ ਕਿ ਸਿਹਤ ਬੀਮਾ ਕਾਰਡ ਦਾ ਐਲਾਨ ਸਿਰਫ ਤਰਨਤਾਰਨ ਅਤੇ ਬਰਨਾਲਾ ਜ਼ਿਿਲ੍ਹਆਂ ਲਈ ਹੀ ਕਿਉਂ ਕੀਤਾ ਗਿਆ ਹੈ। ਜੇ ਇਹ ਯੋਜਨਾ ਪੂਰੇ ਪੰਜਾਬ ਲਈ ਹੈ ਤਾਂ ਬਾਕੀ ਜ਼ਿਿਲ੍ਹਆਂ ਦੇ ਲੋਕਾਂ ਨਾਲ ਭੇਦਭਾਵ ਕਿਉਂ ? ਸਪੱਸ਼ਟ ਹੈ ਕਿ ਇਹ ਕੇਵਲ ਤਰਨਤਾਰਨ ਜ਼ਿਮਨੀ ਚੋਣਾਂ ਅਤੇ ਬਰਨਾਲਾ ਵਿੱਚ ਆਉਣ ਵਾਲੀਆਂ ਚੋਣੀ ਤਿਆਰੀਆਂ ਲਈ ਹੀ ਰਾਜਨੀਤਿਕ ਸਟੰਟ ਹੈ। ਉਨ੍ਹਾਂ ਕਿਹਾ ਕਿ "ਆਪ" ਵੱਲੋਂ ਘਰੋ-ਘਰ ਫ਼ੋਨ ਨੰਬਰ ਇਕੱਠੇ ਕਰਕੇ ਚੋਣਾਂ ਦੌਰਾਨ ਐਸਐਮਐਸ ਅਤੇ ਵੱਟਸਐਪ ਸੁਨੇਹੇ ਭੇਜੇ ਜਾਣਗੇ। "ਇਹ ਲੋਕਾਂ ਦੀ ਨਿੱਜਤਾ 'ਤੇ ਸਿੱਧੀ ਚੋਟ ਹੈ ਅਤੇ ਚੋਣ ਨਿਯਮਾਂ ਦੀ ਖੁੱਲ੍ਹੀ ਉਲੰਘਣਾ ਹੈ। ਉਹਨਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਐਨੀ ਹੀ ਲੋਕਾਂ ਦੀ ਹਮਦਰਦ ਹੈ ਤਾਂ :-

1) ਤੁਰੰਤ ਪ੍ਰਭਾਵ ਨਾਲ ਹੜ੍ਹ ਪੀੜਤਾਂ ਲਈ ਰਾਜ ਪੱਧਰ 'ਤੇ ਵੱਡਾ ਬਜਟ ਐਲਾਨਿਆ ਜਾਵੇ।

2) ਲੁਧਿਆਣਾ ਸਿਵਲ ਹਸਪਤਾਲ ਸਮੇਤ ਸੂਬੇ ਦੇ ਸਾਰੇ ਸਿਵਲ ਹਸਪਤਾਲਾਂ ਵਿੱਚ ਡਾਕਟਰਾਂ ਅਤੇ ਸਟਾਫ਼ ਦੀਆਂ ਖਾਲੀ ਅਸਾਮੀਆਂ ਤੁਰੰਤ ਭਰੀਆਂ ਜਾਣ।

3) ਸਿਹਤ ਬੀਮਾ ਕਾਰਡ ਯੋਜਨਾ ਨੂੰ ਚੋਣੀ ਸਿਆਸਤ ਤੋਂ ਬਿਨਾਂ ਪੂਰੇ ਪੰਜਾਬ ਵਿੱਚ ਇਕਸਾਰ ਲਾਗੂ ਕੀਤਾ ਜਾਵੇ।

4) ਆਮ ਆਦਮੀ ਪਾਰਟੀ ਵੱਲੋਂ ਵੋਟਰਾਂ ਦੇ ਫ਼ੋਨ ਡਾਟਾ ਇਕੱਠਾ ਕਰਨ ਦੀ ਜਾਂਚ ਕਰਕੇ ਦੋਸ਼ੀਆਂ ਉੱਤੇ ਕਾਰਵਾਈ ਕੀਤੀ ਜਾਵੇ।

5) ਰੰਗਲਾ ਪੰਜਾਬ ਫੰਡ" ਰਾਹੀਂ ਲੋਕਾਂ ਤੋਂ ਮੰਗੇ ਜਾ ਰਹੇ ਦਾਨ ਦਾ ਪੂਰੀ ਲੇਖਾ-ਜੋਖਾ ਸਾਰਵਜਨਿਕ ਕੀਤਾ ਜਾਵੇ।

ਅਖੀਰ ਵਿੱਚ ਸ਼ਮਸ਼ੇਰ ਸਿੰਘ ਪੱਧਰੀ ਨੇ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਲੋਕਾਂ ਦੇ ਹੱਕਾਂ ਅਤੇ ਪਾਰਦਰਸ਼ੀ ਪਰਸ਼ਾਸਨ ਲਈ ਆਪਣਾ ਸੰਘਰਸ਼ ਹੋਰ ਤੇਜ਼ ਕਰੇਗੀ ਅਤੇ ਆਮ ਆਦਮੀ ਪਾਰਟੀ ਦੀਆਂ ਠੱਗੀ-ਧੋਖਾਧੜੀ ਵਾਲੀਆਂ ਚਾਲਾਂ ਨੂੰ ਬੇਨਕਾਬ ਕਰਦੀ ਰਹੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

# ਪੰਜਾਬ ਰਾਜ ਮਹਿਲਾ ਕਮਿਸ਼ਨ ਵੱਲੋਂ ਸੰਗਰੂਰ ਵਿਖੇ ਖੁੱਲ੍ਹਾ ਦਰਬਾਰ 25 ਸਤੰਬਰ ਨੂੰ

### ਪੀੜ੍ਹਤ ਔਰਤਾਂ ਖੁੱਲ੍ਹੇ ਦਰਬਾਰ/ ਲੋਕ ਅਦਾਲਤ ਵਿੱਚ ਹਿੱਸਾ ਲੈ ਕੇ ਆਪਣੀਆਂ ਸਮੱਸਿਆਵਾਂ ਸਿੱਧਾ ਕਮਿਸ਼ਨ ਅੱਗੇ ਰੱਖ ਸਕਦੀਆਂ

ਸੰਗਰੂਰ ( ਰਣਜੀਤ ਸਿੰਘ ਪੇਧਨੀ ) ਪੰਜਾਬ ਰਾਜ ਮਹਿਲਾ ਕਮਿਸ਼ਨ ਵੱਲੋਂ ਚੇਅਰਪਰਸਨ ਸ਼੍ਰੀਮਤੀ ਰਾਜ ਲਾਲੀ ਗਿੱਲ ਦੀ ਅਗਵਾਈ ਹੇਠ, 25 ਸਤੰਬਰ, 2025 (ਵੀਰਵਾਰ) ਨੂੰ ਸਵੇਰੇ 11.00 ਵਜੇ ਮੀਟਿੰਗ ਹਾਲ, ਦਫਤਰ ਡਿਪਟੀ ਕਮਿਸ਼ਨਰ, ਸੰਗਰੂਰ ਵਿਖੇ ਇੱਕ ਖੁੱਲ੍ਹਾ ਦਰਬਾਰ/ਲੋਕ ਅਦਾਲਤ ਲਗਾਇਆ ਜਾਵੇਗਾ।

ਇਸ ਖੁੱਲੇ ਦਰਬਾਰ ਦਾ ਉਦੇਸ਼ ਮਹਿਲਾਵਾਂ ਨੂੰ ਆਪਣੀਆਂ ਸਮੱਸਿਆਵਾਂ ਅਤੇ ਸ਼ਿਕਾਇਤਾਂ ਨੂੰ ਸਿੱਧਾ ਕਮਿਸ਼ਨ ਅਤੇ ਪੁਲਿਸ ਅਧਿਕਾਰੀਆਂ ਦੇ ਸਾਹਮਣੇ ਰੱਖਣ ਲਈ ਇੱਕ ਸਿੱਧਾ ਅਤੇ ਸੁਗਮ ਮੰਚ ਉਪਲਬਧ ਕਰਵਾਉਣਾ ਹੈ। ਇਸ ਦੌਰਾਨ ਲਗਾਏ ਗਏ ਮਾਮਲਿਆਂ ਦਾ ਮੌਕੇ 'ਤੇ ਨਿਪਟਾਰਾ ਕਰਵਾਉਣ ਲਈ ਉੱਚ ਅਧਿਕਾਰੀ ਮੌਜੂਦ ਰਹਿਣਗੇ। ਚੇਅਰਪਰਸਨ ਰਾਜ ਲਾਲੀ ਗਿੱਲ ਨੇ ਕਿਹਾ ਕਿ ਮਹਿਲਾਵਾਂ ਦੇ ਹੱਕਾਂ ਦੀ ਰਾਖੀ ਕਰਨਾ ਅਤੇ ਉਨ੍ਹਾਂ ਦੀਆਂ ਗੁੰਝਲਦਾਰ ਸਮੱਸਿਆਵਾਂ ਦਾ ਤੁਰੰਤ ਹੱਲ ਕਰਵਾਉਣਾ ਕਮਿਸ਼ਨ ਦੀ ਪ੍ਰਾਥਮਿਕਤਾ ਹੈ। ਇਹ ਖੁੱਲ੍ਹਾ ਦਰਬਾਰ ਪੀੜਤ ਮਹਿਲਾਵਾਂ ਨੂੰ ਇਨਸਾਫ਼ ਦਿਲਵਾਉਣ ਵੱਲ ਇਕ ਮਹੱਤਵਪੂਰਨ ਕਦਮ ਹੋਵੇਗਾ। ਪੰਜਾਬ ਰਾਜ ਮਹਿਲਾ ਕਮਿਸ਼ਨ ਵੱਲੋਂ ਸਮੂਹ ਜਨਤਾ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਸ ਖੁੱਲ੍ਹੇ ਦਰਬਾਰ/ ਲੋਕ ਅਦਾਲਤ ਵਿੱਚ ਹਿੱਸਾ ਲੈ ਕੇ ਆਪਣੀਆਂ ਸਮੱਸਿਆਵਾਂ ਸਿੱਧਾ ਕਮਿਸ਼ਨ ਅੱਗੇ ਰੱਖਣ ਦਾ ਲਾਭ ਉਠਾਇਆ ਜਾਵੇ।

ਆਵਾਜ਼ਿ ਕੌਮ AWAZE QAUM International Newspaper & WEB TV

ਹੜ੍ਹ ਪੀੜਤਾਂ ਗੁਰਦਾਸਪੁਰ ਇਲਾਕੇ ਵਿੱਚ ਸੰਤ ਬਾਬਾ ਗੁਰਬਖਸ਼ ਸਿੰਘ ਜੱਬੋਵਾਲ ਵੱਲੋਂ

# ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਸੇਵਾ ਆਰੰਭ

## ਪਵਿੱਤਰ ਪਾਵਨ ਸਰੂਪਾਂ ਦੀ ਸੇਵੀ ਸੰਤ ਬਾਬਾ ਗੁਰਬਖਸ਼ ਸਿੰਘ ਖਾਲਸਾ ਜੱਬੋਵਾਲ ਅਕੈਡਮੀ ਦੇ ਸੇਵਾਦਾਰ ਸੰਤ ਬਾਬਾ ਮਲਕੀਅਤ ਸਿੰਘ ਅਗਵਾਈ ਹੇਠ ਸੇਵਾ ਆਰੰਭ ਕੀਤੀ ਗਈ
















ਚੌਕ ਮਹਿਤਾ 23 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ) ਹੜ ਪੀੜਤਾਂ ਗੁਰਦਾਸਪੁਰ ਇਲਾਕੇ ਦੇ ਪਿੰਡਾਂ ਵਿੱਚ ਜੈਨਪੁਰ, ਕਾਹਨਾ, ਓਗਰਾ, ਠੱਠੀਆਂ ਪਿੰਡਾ ਵਿੱਚ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਵਿੱਤਰ ਪਾਵਨ ਸਰੂਪਾਂ ਦੀ ਸੇਵੀ ਸੰਤ ਬਾਬਾ ਗੁਰਬਖਸ਼ ਸਿੰਘ ਖਾਲਸਾ ਜੱਬੋਵਾਲ ਅਕੈਡਮੀ ਦੇ ਸੇਵਾਦਾਰ ਸੰਤ ਬਾਬਾ ਮਲਕੀਅਤ ਸਿੰਘ ਅਗਵਾਈ ਹੇਠ ਸੇਵਾ ਆਰੰਭ ਕੀਤੀ ਗਈ ਹੈ। ਜਿਸ ਵਿੱਚ ਭਾਈ ਤੇਜਬੀਰ ਸਿੰਘ ਭਲਾਈ ਪੁਰ, ਸੁਖਚੈਨ ਸਿੰਘ, ਬਲਰਾਜ ਸਿੰਘ ( ਬਾਜ) ਸੁਖਦੇਵ ਸਿੰਘ ਭਿੱਜੀ, ਪਰਸ਼ੋਤਮ ਸਿੰਘ, ਹਰਵਿੰਦਰ ਸਿੰਘ ਭੁੰਗ ਫੌਜ ਆਦਿ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੇਵਾ ਕਰ ਕਰ ਰਹੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV



ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਆਵਾਜ਼ਿ ਕੌਮ AWAZE QAUM

### ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਐਸਜੀਪੀਸੀ ਮੈਂਬਰਾਂ ਨਾਲ ਮੁਲਾਕਾਤ

# ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਵੱਧ ਤੋਂ ਵੱਧ ਸ੍ਰੋਤ ਜੁਟਾਉਣ ਦੀ ਅਪੀਲ



**ਪਟਿਆਲਾ, 23 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋ ਅੱਜ ਪਟਿਆਲਾ ਵਿਖੇ ਐਸਜੀਪੀਸੀ ਮੈਬਰਾਂ ਨਾਲ ਖਾਸ ਮੁਲਾਕਾਤ ਕੀਤੀ ਗਈ। ਇਸ ਮੀਟਿੰਗ ਵਿੱਚ ਸਾਬਕਾ ਐਸਜੀਪੀਸੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਸ ਜਸਵੰਤ ਸਿੰਘ ਪੁੜੈਣ, ਪਰਮਜੀਤ ਸਿੰਘ ਰਾਏਪੁਰ ਦੋਨੋ ਅੰਨਤਰਿੰਗ ਕਮੇਟੀ ਮੈਂਬਰ, ਭਾਈ ਮਨਜੀਤ ਸਿੰਘ, ਬੀਬੀ ਪਰਮਜੀਤ ਕੌਰ ਲਾਂਡਰਾਂ,ਜੱਥੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਮਾਸਟਰ ਮਿਠੂ ਸਿੰਘ ਕਾਹਨੇਕੇ, ਜੱਥੇਦਾਰ ਮਹਿੰਦਰ ਸਿੰਘ ਹੁਸੈਨਪੁਰ, ਜਥੇਦਾਰ ਤੇਜਾ ਸਿੰਘ ਕਮਾਲਪੁਰ,ਜੱਥੇਦਾਰ ਸਤਵਿੰਦਰ ਸਿੰਘ ਟੌਹੜਾ, ਜੱਥੇਦਾਰ ਜਰਨੈਲ ਸਿੰਘ ਕਰਤਾਰਪੁਰ,ਜਥੇਦਾਰ ਨਿਰਮੈਲ ਸਿੰਘ ਜੌਲਾ, ਜੱਥੇਦਾਰ ਮਲਕੀਤ ਸਿੰਘ ਚੰਗਾਲ, ਸ ਹਰਦੇਵ ਸਿੰਘ ਰੋਗਲਾ ਸਮੇਤ ਹੋਰ ਕਈ ਐਸਜੀਪੀਸੀ ਮੈਂਬਰ ਹਾਜ਼ਰ ਰਹੇ। ਇਸ ਮੌਕੇ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋ ਜਿੱਥੇ ਐਸਜੀਪੀਸੀ ਮੈਬਰਾਂ ਨਾਲ ਲੰਮੀ ਵਿਚਾਰ ਚਰਚਾ ਕਰਦੇ ਹੋਏ ਪੰਥਕ ਏਜੰਡਿਆਂ ਸਮੇਤ ਹੜ ਪ੍ਰਭਾਵਿਤ ਇਲਾਕਿਆਂ ਦੇ ਪੀੜਤ ਲੋਕਾਂ ਦੀ ਜ਼ਿੰਦਗੀ ਨੂੰ ਮੁੜ ਲੀਹ ਤੇ ਲਿਆਉਣ ਲਈ ਵੱਧ ਤੋਂ ਵੱਧ ਸ੍ਰੋਤ ਜੁਟਾਉਣ ਦੀ ਅਪੀਲ ਕੀਤੀ ਗਈ ਉਥੇ ਰੱਖੜਾ ਪਰਿਵਾਰ ਅਤੇ ਪਾਰਟੀ ਵੱਲੋ ਦਿੱਤੇ ਜਾਣ ਵਾਲੇ ਡੀਜ਼ਲ ਅਤੇ ਹੋਰ ਰਸਦਾਂ ਲਈ ਡਿਟੇਲ ਇਕੱਠੀ ਕਰਨ ਦੀ ਵੀ ਡਿਊਟੀ ਲਗਾਈ। ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਬਤੌਰ ਪੰਥ ਦੇ ਸੇਵਾਦਾਰ ਤੌਰ ਤੇ ਅੱਜ ਸਮੂਹ ਐਸਜੀਪੀਸੀ ਮੈਬਰਾਂ ਦਾ ਫਰਜ ਬਣਦਾ ਹੈ ਕਿ ਓਹ ਵੱਖ-ਵੱਖ ਜਗ੍ਹਾ ਚਲ ਰਹੇ ਰਾਹਤ ਕੈਂਪਾਂ ਤੋਂ ਮਿਲੇ ਸੁਝਾਅ ਦੇ ਅਧਾਰ ਉਪਰ ਕਾਰਜ ਕਰਕੇ ਆਪਣਾ ਯੋਗਦਾਨ ਪਾਉਣ। ਇਸ ਮੌਕੇ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਕੋਸ਼ਿਸ਼ ਕੀਤੀ ਜਾਵੇ ਕਿ ਜਦੋਂ ਹੁਣ ਪਾਣੀ ਤੋਂ ਤਾਂ ਰਾਹਤ ਮਿਲ ਚੁੱਕੀ ਹੈ, ਪਰ ਪਾਣੀ ਦੇ ਨਾਲ ਘਰਾਂ ਦੇ ਹੋਏ ਨੁਕਸਾਨ, ਫੈਲਣ ਵਾਲੀਆਂ ਬਿਮਾਰੀਆਂ, ਰੋਜ-ਮਰਾ ਦੀ ਜ਼ਿੰਦਗੀ ਵਿੱਚ ਲੋੜੀਦੀ ਵਸਤਾਂ ਅਤੇ ਖਾਸ ਤੌਰ ਤੇ ਸਕੂਲੀ ਬੱਚਿਆਂ ਲਈ ਸਟੇਸ਼ਨਰੀ ਅਤੇ ਵਰਦੀਆਂ ਨੂੰ ਪਹੁੰਚਾਉਣ ਲਈ ਪਾਰਟੀ ਵਰਕਰਾਂ ਨਾਲ ਮਿਲ ਕੇ ਉਦਮ ਕੀਤਾ ਜਾਵੇ।

# ਲੀਡਰਸ਼ਿਪ ਨਾਲ ਕੀਤੀ ਸਮੀਖਿਆ ਮੀਟਿੰਗ ਤੋਂ ਬਾਅਦ 25 ਸਤੰਬਰ ਨੂੰ ਹੋਣ ਵਾਲਾ ਜਨਰਲ ਡੈਲੀਗੇਟ ਇਜਲਾਸ ਮੁਲਤਵੀ

## ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਜੁਟੇਗੀ ਸਮੁੱਚੀ ਲੀਡਰਸ਼ਿਪ



ਪਟਿਆਲਾ () ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਵੱਲੋ ਅੱਜ ਸਮੁੱਚੀ ਲੀਡਰਸ਼ਿਪ ਦੀ ਅਹਿਮ ਸਮੀਖਿਆ ਮੀਟਿੰਗ ਕੀਤੀ ਗਈ। ਸਮੀਖਿਆ ਮੀਟਿੰਗ ਵਿੱਚ ਪੰਜਾਬ ਦੇ ਤਾਜਾ ਹਾਲਾਤਾਂ ਉਪਰ ਨਜਰਸਾਨੀ ਕੀਤੀ ਗਈ। ਪਾਰਟੀ ਵੱਲੋ ਵੱਖ ਵੱਖ ਜਗ੍ਹਾ ਜਾਰੀ ਪੱਕੇ ਰਾਹਤ ਕੈਂਪਾਂ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਗਈ। ਲੀਡਰਸ਼ਿਪ ਤੋਂ ਮਿਲੀ ਜਾਣਕਾਰੀ ਤੋਂ ਬਾਅਦ 25 ਸਤੰਬਰ ਨੂੰ ਬੁਲਾਏ ਗਏ ਜਨਰਲ ਡੈਲੀਗੇਟ ਨੂੰ ਮੁਲਤਵੀ ਕਰਨ ਦਾ ਫੈਸਲਾ ਕੀਤਾ ਲਿਆ ਗਿਆ। ਲੀਡਰਸ਼ਿਪ ਵਲੋ ਮਿਲੇ ਸੁਝਾਅ ਅਤੇ ਫੀਡ ਬੈਕ ਨੂੰ ਮੁੱਖ ਰੱਖਦਿਆਂ ਇਹ ਫੈਸਲਾ ਕੀਤਾ ਗਿਆ। ਇਸ ਮੌਕੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਵੱਲੋ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਸੇਵਾ ਕਰ ਰਹੇ ਪਾਰਟੀ ਵਰਕਰਾਂ ਸਮੇਤ ਸਾਰੇ ਨੌਜਵਾਨਾਂ ਦੀ ਹੌਸਲਾ ਅਫਜ਼ਾਈ ਕਰਦੇ ਹੋਏ ਕਿਹਾ ਕਿ ਅੱਜ ਪੰਜਾਬ ਦਾ ਨੌਜਵਾਨ ਡਟ ਕੇ ਕੁਦਰਤੀ ਤਰਾਸਦੀ ਦਾ ਸਾਹਮਣਾ ਕਰ ਰਿਹਾ ਹੈ। ਪੰਜਾਬ ਦੇ ਨੌਜਵਾਨਾਂ ਨੇ ਵੱਡੀ ਮੁਸੀਬਤ ਵੇਲੇ ਆਪਣੇ ਸਿਦਕ ਨੂੰ ਪੇਸ਼ ਕਰਕੇ ਦੁਨੀਆ ਸਾਹਮਣੇ ਮਿਸਾਲ ਪੇਸ਼ ਕੀਤੀ ਹੈ। ਇਸ ਮੌਕੇ ਵੱਖ ਵੱਖ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਸਮੁੱਚੀ ਲੀਡਰਸ਼ਿਪ ਦੀ ਡਿਊਟੀ ਲਗਾਈ ਗਈ। ਸਮੁੱਚੀ ਲੀਡਰਸ਼ਿਪ ਪ੍ਰਭਾਵਿਤ ਇਲਾਕਿਆਂ ਵਿੱਚ ਜਾਕੇ ਜਰੂਰੀ ਵਸਤਾਂ ਦੀ ਲਿਸਟ ਤਿਆਰ ਕਰੇਗੀ ਤਾਂ ਜੋ ਪੀੜਤ ਪਰਿਵਾਰਾਂ ਦੀ ਓਹਨਾ ਦੀ ਲੋੜ ਅਨੁਸਾਰ ਮੰਗ ਪੂਰੀ ਕੀਤੀ ਜਾ ਸਕੇ। ਰਾਹਤ ਕੈਂਪਾਂ ਤੋਂ ਮਿਲੇ ਸੁਝਾਅ ਤਹਿਤ ਪਾਰਟੀ ਲੀਡਰਸ਼ਿਪ ਕਿਸਾਨਾਂ ਦੇ ਖੇਤਾਂ ਵਿੱਚੋਂ ਮਿੱਟੀ ਕੱਢਣ ਲਈ ਡੀਜ਼ਲ ਦੇ ਪ੍ਰਬੰਧ ਦੇ ਨਾਲ ਨਾਲ ਘਰਾਂ ਦੀ ਮੁਰੰਮਤ ਲਈ ਆਪਣਾ ਯੋਗਦਾਨ ਪਾਵੇਗੀ। ਇਸ ਦੇ ਨਾਲ ਹੀ ਇਸ ਕੁਦਰਤੀ ਆਫ਼ਤ ਨਾਲ ਬਿਮਾਰੀਆਂ ਫੈਲਣ ਦੇ ਖਦਸ਼ੇ ਮੁਤਾਬਿਕ ਮੈਡੀਕਲ ਕਿੱਟਾਂ ਅਤੇ ਮੈਡੀਕਲ ਦਸਤੇ ਭੇਜਣ ਅਤੇ ਮੈਡੀਕਲ ਕੈਂਪ ਲਾਜ਼ਮੀ ਤੌਰ ਤੇ ਲਗਾਏ ਜਾਣਗੇ। ਇਸ ਦੇ ਨਾਲ ਹੀ ਪਾਰਟੀ ਵਲੋ ਪਹਿਲਾਂ ਹੀ ਫੈਸਲਾ ਕੀਤਾ ਗਿਆ ਸੀ ਕਿ ਸਕੂਲੀ ਬੱਚਿਆਂ ਲਈ ਸਟੇਸ਼ਨਰੀ, ਕਿਤਾਬਾਂ ਅਤੇ ਵਰਦੀਆਂ ਦਾ ਪ੍ਰਬੰਧ ਕੀਤਾ ਜਾਵੇਗਾ। ਅੱਜ ਦੀ ਸਮੀਖਿਆ ਮੀਟਿੰਗ ਵਿੱਚ ਸਰਦਾਰ ਮਨਪ੍ਰੀਤ ਸਿੰਘ ਇਯਾਲੀ,ਸਰਦਾਰ ਸੁਰਜੀਤ ਸਿੰਘ ਰੱਖੜਾ,ਸਰਦਾਰ ਪ੍ਰਮਿੰਦਰ ਸਿੰਘ ਢੀਂਡਸਾ,ਭਾਈ ਗੋਬਿੰਦ ਸਿੰਘ ਲੌਂਗੋਵਾਲ, ਸੁੱਚਾ ਸਿੰਘ ਛੋਟੇਪੁਰ,ਜੱਥੇਦਾਰ ਸੰਤਾ ਸਿੰਘ ਉਮੈਦਪੁਰੀ, ਜੱਥੇਦਾਰ ਇਕਬਾਲ ਸਿੰਘ ਝੂੰਦਾਂ, ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ,ਬੀਬੀ ਪਰਮਜੀਤ ਕੌਰ ਗੁਲਸ਼ਨ,ਸਰਦਾਰ ਹਰਿੰਦਰ ਪਾਲ ਸਿੰਘ ਚੰਦੂਮਾਜਰਾ, ਜੱਥੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ,ਸਰਦਾਰ ਚਰਨਜੀਤ ਸਿੰਘ ਬਰਾੜ, ਸਰਦਾਰ ਅਜੇਪਾਲ ਸਿੰਘ ਬਰਾੜ, ਰਣਧੀਰ ਸਿੰਘ ਰੱਖੜਾ,ਤੇਜਿੰਦਰ ਸਿੰਘ ਪੰਨੂ,ਤੇਜਿੰਦਰ ਸਿੰਘ ਸੰਧੂ ਸ਼ਾਮਲ ਹੋਏ।

# ਆਓ ਕਰੀਏ ਪੰਜਾਬ ਦੀ ਗੱਲ



ਜੇ ਪੰਜਾਬ ਦੀ ਭੂਗੋਲਿਕ ਸਥਿਤੀ ਅਤੇ ਇਤਿਹਾਸ ਤੇ ਨਜ਼ਰ ਮਾਰੀਏ ਤਾਂ ਅਟਕ ਤੇ ਜਮਨਾ ਦੇ ਵਿਚਕਾਰਲੇ ਖਿੱਤੇ ਵਿੱਚ ਵਹਿੰਦੇ ਪੰਜ ਦਰਿਆਵਾਂ ਦੀ ਧਰਤੀ ਨੂੰ ਪੰਜਾਬ ਜਾਂ ਪੰਚ ਨਦ ਵਜੋਂ ਜਾਣਿਆ ਜਾਂਦਾ ਰਿਹਾ।ਇਹ ਧਰਤੀ ਪ੍ਰਾਚੀਨ ਕਾਲ ਤੋਂ ਹੀ ਹਿੰਦੋਸਤਾਨ ਦੀ ਸਰਹੱਦ ਦੇ ਤੌਰ ਤੇ ਖੜਗ ਭੁਜਾ ਬਣਦੀ ਰਹੀ। ਜਿੰਨੇ ਵੀ ਧਾੜਵੀ ਭਾਰਤ ਦੀ ਧਰਤੀ ਤੇ ਹਮਲਾ ਕਰਨ ਆਉਂਦੇ ਰਹੇ ਉਹਨਾਂ ਨੂੰ ਪਹਿਲਾਂ ਪੰਜਾਬ ਨਾਲ ਟੱਕਰ ਲੈਣੀ ਹੀ ਪੈਂਦੀ ਸੀ, ਇੰਡੋ ਆਰੀਅਨ ,ਇੰਡੋ ਸਿੰਥੀਆਨ ,ਸਿਕੰਦਰ (ਯੂਨਾਨੀ), ਕੁਸ਼ਾਨ ,ਹਿੰਦ ਪਹਿਲਵੀ, ਹੂਨ ਲੋਕ, ਗਜ਼ਨਵੀ ,ਤੁਰਕ ,ਮੰਗੋਲ ,ਮੁਗਲ ,ਈਰਾਨੀ ,ਅਫ਼ਗਾਨੀ ਮੁੱਕਦੀ ਗੱਲ ਜਿੰਨੇ ਵੀ ਵਿਦੇਸ਼ੀ ਹਮਲਾਵਰ ਆਏ ਸਭ ਦਾ ਪਹਿਲਾਂ ਜੰਗ-ਯੁੱਧ ਪੰਜਾਬ ਦੇ ਲੋਕਾਂ ਨਾਲ ਹੀ ਹੁੰਦਾ ਰਿਹਾ।ਪੰਜਾਬੀ ਹਮੇਸ਼ਾਂ ਹੀ ਸੰਘਰਸ਼ਾਂ ਦੀ ਜਿੰਦਗੀ ਜਿਉਂਦੇ ਰਹੇ ,ਏਸੇ ਕਾਰਨ ਪੂਰੇ ਹਿੰਦੋਸਤਾਨ ਨਾਲੋਂ ਇਸਦਾ ਰਹਿਣ ਸਹਿਣ ਤੇ ਸਭਿਆਚਾਰ ਬਿਲਕੁਲ ਵੱਖਰਾ ਹੈ।ਇਕ ਕਹਾਵਤ ਪੰਜਾਬ ਵਿਚ ਅੱਜ ਤੱਕ ਚੱਲੀ ਆ ਰਹੀ ਹੈ

'ਖਾਧਾ ਪੀਤਾ ਲਾਹੇ ਦਾ ਬਾਕੀ ਅਹਿਮਦ ਸ਼ਾਹੇ ਦਾ' ਪੰਜਾਬੀਆਂ ਦੇ ਸਬਰ -ਸੰਤੋਖ ,ਸਿਦਕ ਤੇ ਸਿਰੜ ਦੀ ਕਿਧਰੇ ਮਿਸਾਲ ਨਹੀਂ ,ਇੱਥੋਂ ਦੇ ਸੁਭਾਅ ਤੇ ਰਹਿਤਲ ਵਿਚ ਇਕ ਨਾਬਰੀ ਹੈ।ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਤੋਂ ਛੁੱਟ ਪੂਰੇ ਹਿੰਦੋਸਤਾਨ ਸਮੇਤ ਪੰਜਾਬ ਨੇ ਲਗਭਗ ਅੱਠ ਸਦੀਆਂ ਦੀ ਗੁਲਾਮੀ ਦਾ ਸੰਤਾਪ ਹੰਢਾਇਆ ਹੈ।ਹਿੰਦੋਸਤਾਨ ਦੀ ਆਜਾਦੀ ਦੇ ਸੰਗਰਾਮ ਵਿੱਚ ਵੀ ਪੰਜਾਬ ਤੇ ਬੰਗਾਲ ਦੇ ਲੋਕਾਂ ਦੀ ਭੂਮਿਕਾ ਬਹੁਤ ਵੱਡੀ ਤੇ ਅਹਿਮ ਰਹੀ ਹੈ। 15 ਅਗਸਤ 1947 ਨੂੰ ਮਿਲੀ ਆਜਾਦੀ ਲਈ ਲਗਭਗ 82% ਕੁਰਬਾਨੀਆਂ ਦੇ ਕੇ ,ਪੂਰੇ ਦੇਸ਼ ਚੋਂ ਸਭ ਤੋਂ ਵੱਧ ਯੋਗਦਾਨ ਵੀ ਪੰਜਾਬੀਆਂ ਨੇ ਪਾਇਆ।ਆਖਰ ਆਜਾਦੀ ਦੇ ਨਾਂ ਥੱਲੇ ਸਭ ਤੋਂ ਪਹਿਲਾਂ ਵੰਡ ਪੰਜਾਬ ਤੇ ਬੰਗਾਲ ਦੀ ਹੀ ਹੋਈ, ਭਾਰਤ-ਪਾਕਿਸਤਾਨ ਦੋ ਮੁਲਕ ਹੋਂਦ ਚ ਆ ਗਏ। ਕਹਿੰਦੇ ਹਨ ਕਿ ਵੰਡ ਦਾ ਮਾਪ ਦੰਡ ਆਬਾਦੀ ਦੇ ਆਧਾਰ ਤੇ ਰੱਖਿਆ ਗਿਆ ਸੀ ਬਹੁਤੇ ਪੰਜਾਬੀ ਮੁਸਲਮਾਨ ਸਨ ,ਹਿੰਦੂ -ਸਿੱਖਾਂ ਦੀ ਵਸੋਂ ਘੱਟ ਹੋਣ ਕਾਰਨ ਪੰਜਾਬ ਦੇ ਬਟਵਾਰੇ ਵਿਚ ਸਿੱਖ ਤੀਜੀ ਧਿਰ ਵਜੋਂ ਅਹਿਮ ਸਨ।ਸਾਬਕਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ ,ਭਾਰਤ ਸਰਕਾਰ ,ਸਾਬਕਾ ਮੈਂਬਰ ਪਾਰਲੀਮੈਂਟ ਤਰਲੋਚਨ ਸਿੰਘ ਇਕ ਚੈਨਲ ਤੇ ਡਿਬੇਟ ਰਾਹੀਂ ਦੱਸ ਰਹੇ ਸੀ "ਪੰਜਾਬ ਦੇ ਬਟਵਾਰੇ ਲਈ ਮੁਹੰਮਦ ਅਲੀ ਜਿਨਾਹ ਨੇ ਇਕ ਮੀਟਿੰਗ ਦੌਰਾਨ ਸਿੱਖ ਲੀਡਰਾਂ ਨੂੰ ਪਾਕਿਸਤਾਨ 'ਚ ਰਹਿਣ ਲਈ ਸੁਰੱਖਿਆ ਤੇ ਵਿਸ਼ੇਸ਼ ਹੱਕਾਂ ਦੀ ਗਰਾਂਟਿਡ ਪੇਸ਼ਕਸ਼ ਕੀਤੀ ਤਾਂ ਕਿ ਪੰਜਾਬ ਦਾ ਬਟਵਾਰਾ ਨਾ ਹੋਵੇ ਅਗਰ ਸਿੱਖ ਜਿਨਾਹ ਦੀ ਪੇਸ਼ਕਸ਼ ਕਬੂਲ ਕਰ ਲੈਂਦੇ ਸਾਰਾ ਪੰਜਾਬ ਪਾਕਿਸਤਾਨ 'ਚ ਚਲਾ ਜਾਣਾ ਸੀ ਤੇ ਬਾਹਘੇ-ਅਟਾਰੀ ਦੀ ਥਾਂ ਪੰਜਾਬ ਦੀ ਸਰਹੱਦ ਗੁੜਗਾਂਵ ਹੋਣੀ ਸੀ" ਪਰ ਕਾਂਗਰਸ ਲੀਡਰਸ਼ਿਪ ਵਲੋਂ ਜਵਾਹਰ ਲਾਲ ਨਹਿਰੂ ਨੇ ਵੀ ਸਿੱਖ ਲੀਡਰਾਂ ਨਾਲ ਵਾਅਦਾ ਕੀਤਾ ਸੀ ਕਿ "ਉਤਰੀ ਭਾਰਤ ਚ ਇਕ ਅਜਿਹਾ ਖਿੱਤਾ ਰਾਖਵਾਂ ਹੋਵੇਗਾ ਜਿੱਥੇ ਸਿੱਖ ਆਪਣੇ ਸਭਿਆਚਾਰ ਤੇ ਧਾਰਮਿਕ ਆਜਾਦੀ ਦਾ ਨਿੱਘ ਮਾਣ ਸਕਣਗੇ, ਕਾਂਗਰਸ ਕਦੇ ਵੀ ਸਿੱਖਾਂ ਨਾਲ ਵਿਸ਼ਵਾਸਘਾਤ ਨਹੀਂ ਕਰੇਗੀ ,ਲਾਹੌਰ ਦੇ ਮਤੇ ਮੁਤਾਬਕ ਕੋਈ ਵੀ ਸੰਵਿਧਾਨ ਅਜੇਹਾ ਨਹੀਂ ਬਣਾਇਆ ਜਾਵੇਗਾ ਜੋ ਸਿੱਖਾਂ ਨੂੰ ਮਨਜ਼ੂਰ ਨਾ ਹੋਵੇ ,ਜੇ ਕਾਂਗਰਸ ਵਿਸ਼ਵਾਸਘਾਤ ਕਰਦੀ ਹੈ ਤਾਂ ਸਿੱਖਾਂ ਨੂੰ ਹੱਕ ਹੋਵੇਗਾ ,ਉਹ ਹੱਥ ਤਲਵਾਰ ਲੈ ਕੇ ਹੱਲ ਕੱਢ ਸਕਣ ,ਪਰਮਾਤਮਾ ਤੇ ਪੂਰੀ ਮਨੁੱਖ ਜਾਤੀ ਉਹਨਾਂ ਦੀ ਸਹਾਇਤਾ ਕਰੇਗੀ" । ਇਸ ਤਰ੍ਹਾਂ ਸਿੱਖਾਂ ਨੂੰ ਭਾਰਤ ਵਿੱਚ ਆਪਣੇ ਹਿੱਤ ਸੁਰੱਖਿਅਤ ਜਾਪੇ। ਸਿੱਖ ਲੀਡਰਾਂ ਨੂੰ ਭਾਰਤ ਚ ਰਹਿਣਾ ਜਿਆਦਾ ਸੁਰੱਖਿਆਤ ਇਸ ਲਈ ਵੀ ਲੱਗਿਆ ਕਿਉਂ ਕੇ ਸਿੱਖਾਂ ਤੇ ਸਨਾਤਨੀਆਂ ਦੀ ਕਿਤੇ ਨਾ ਕਿਤੇ ਆਪਸੀ ਵਿਰਾਸਤੀ ਨੇੜ੍ਹਤਾ ਵੀ ਸੀ। ਪੰਜਾਬ ਵੰਡਿਆ ਗਿਆ ਲਗਭਗ 10 ਲੱਖ ਪੰਜਾਬੀ ਇਸ ਦੀ ਭੇਟ ਚੜ੍ਹ ਗਏ। ਜਿਸ ਦੇ ਜਖਮ ਅਜ ਤਕ ਵੀ ਰਿਸਦੇ ਜਾਪਦੇ ਹਨ। ਅਜਾਦੀ ਦੇ ਤੁਰੰਤ ਬਾਅਦ ਭਾਰਤ ਸਰਕਾਰ ਵੱਲੋਂ ਇਕ ਸਰਕੂਲਰ ਰਾਹੀਂ ਪੱਛਮੀ ਪੰਜਾਬ ਚੋਂ ਆਉਣ ਵਾਲੇ ਸ਼ਰਨਾਰਥੀ ਸਿੱਖਾਂ ਨੂੰ ਜਰਾਇਮ ਪੇਸ਼ਾ ਕਰਾਰ ਦੇ ਕੇ ਪ੍ਰਸ਼ਾਸਨ ਨੂੰ ਸਾਵਧਾਨ ਰਹਿਣ ਲਈ ਕਿਹਾ ਗਿਆ। ਜਿਸ ਕਾਰਨ ਸਿੱਖਾਂ ਦੇ ਮਨਾਂ ਵਿਚ ਭਾਰੀ ਰੋਸ ਪੈਦਾ ਹੋ ਗਿਆ, ਮਾਸਟਰ ਤਾਰਾ ਸਿੰਘ ਨੇ ਜਦ ਨਹਿਰੂ ਨੂੰ 'ਕੀਤੇ ਵਾਅਦੇ' ਯਾਦ ਕਰਾਏ ਤਾਂ ਉਹ ਸਾਫ ਮੁਕਰ ਗਿਆ ਕਹਿਣ ਲੱਗਾ ਹੁਣ ਵਕਤ ਬਦਲ ਗਿਆ ਹੈ। ਮਾਸਟਰ ਤਾਰਾ ਸਿੰਘ ਵਲੋਂ ਪੰਜਾਬੀ ਸੂਬੇ ਦੀ ਮੰਗ 1952 ਤੋਂ ਵੀ ਪਹਿਲਾਂ ਪੂਰੇ ਜੋਰ ਨਾਲ ਕਰਨੀ ਸ਼ੁਰੂ ਕਰ ਦਿੱਤੀ ਸੀ । ਨਵੰਬਰ 1956 ਨੂੰ ਭਾਰਤੀ ਰਾਜ ਪੁਨਰਗਠਨ ਐਕਟ ਰਾਹੀਂ ਬਾਕੀ ਕਈ ਰਾਜ ਤਾਂ ਭਾਸ਼ਾ ਤੇ ਸਭਿਆਚਾਰਕ ਭਿੰਨਤਾਵਾਂ ਨੂੰ ਮੁੱਖ ਰੱਖ ਕੇ ਗਠਿਤ ਕਰ ਦਿੱਤੇ ਗਏ ਪਰ ਪੰਜਾਬ ਬਾਰੇ ਕੁਝ ਵੀ ਨਹੀਂ ਕੀਤਾ।ਪੰਜਾਬ ਦੀ ਇਸ ਮੰਗ ਨੂੰ ਵੱਖਵਾਦੀ ਸਮਝ ਕੇ ਨੁਕਰੇ ਲਾਈ ਰੱਖਿਆ।ਪੰਜਾਬੀ ਸੂਬੇ ਦੀ ਮੰਗ ਜੋਰ ਫੜ ਗਈ, ਮੋਰਚਾ ਲਾਇਆ ਗਿਆ ਅਣਗਿਣਤ ਕੁਰਬਾਨੀਆਂ ਉਪਰੰਤ ਆਖਰ ਨਵੰਬਰ 1966 ਨੂੰ ਭਾਰਤੀ ਰਾਜ ਪੁਨਰਗਠਨ,ਐਕਟ ਰਾਹੀਂ ਪੰਜਾਬੀ ਸੂਬਾ ਬਣਿਆ ਤਾਂ ਇਸ ਵਿੱਚੋਂ ਬਹੁਤੇ ਪੰਜਾਬੀ ਬੋਲਦੇ ਇਲਾਕੇ ਨਵੇਂ ਬਣੇ ਹਰਿਆਣਾ ਨੂੰ ਦੇ ਦਿੱਤੈ ਗਏ ਕਾਫੀ ਹਿੱਸਾ ਹਿਮਾਚਲ ਨੂੰ ਦੇ ਦਿੱਤਾ ਗਿਆ ਮੁੱਕਦੀ ਗੱਲ ਅਜੋਕਾ ਪੰਜਾਬ ਪੁਰਾਣੇ ਪੰਜਾਬ ਦਾ ਕੇਵਲ 14% ਖੇਤਰਫਲ ਹੀ ਰਹਿ ਗਿਆ ਹੈ।60% ਤੋਂ ਵੱਧ ਪਹਿਲਾਂ ਹੀ ਪਾਕਿਸਤਾਨ (ਲਹਿੰਦਾ ਪੰਜਾਬ ) 'ਚ ਚਲਾ ਗਿਆ ਸੀ , 26% ਹਿੱਸਾ ਹਰਿਆਣਾ ਤੇ ਹਿਮਾਚਲ ਨੂੰ ਮਿਲ ਗਿਆ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਖੋ ਕੇ ਹਰਿਆਣਾ ਨਾਲ ਸਾਂਝੀ ਕਰ ਕੇ, ਯੂਨੀਅਨ ਟੈਰਟਰੀ ਬਣਾ ਦਿੱਤੀ ਗਈ ।ਇਸਦੇ ਪਾਣੀ,ਬਿਜਲੀ ਅਤੇ ਡੈਮਾਂ ਦਾ ਕੰਟਰੋਲ ਪੰਜਾਬ ਤੋਂ ਖੋ ਲਿਆ ਗਿਆ ਹੈ।ਅਜ ਪੰਜਬ ਕੋਲ ਭਾਰਤ ਦੇ ਖੇਤਰਫਲ ਦਾ ਸਿਰਫ 1.53% ਹੈ ਏਰੀਆ ਹੈ। ਜਿਹੜਾ ਸੂਬਾ ਐਨੀ ਜੱਦੋਜਹਿਦ ਬਾਅਦ ਭਾਸ਼ਾ ਤੇ ਇਕ ਘੱਟ ਗਿਣਤੀ ਸਭਿਆਚਾਰ ਦੇ ਆਧਾਰ ਤੇ ਬਣਿਆ ਹੋਵੇ ਉਸਨੂੰ ਵਿਸ਼ੇਸ਼ ਤੌਰ ਤੇ ਬਚਾਉਣ ਦੀ ਲੋੜ ਹੁੰਦੀ ਹੈ ।ਪਰ ਕੇਂਦਰੀ ਸਰਕਾਰਾਂ ਆਜਾਦੀ ਤੋਂ ਹੁਣ ਤੱਕ ਇਸ ਨੂੰ ਰਲਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ,ਪਹਿਲਾਂ 1984 ਦੇ ਕਾਲੇ ਦੌਰ ਵਿਚ ਹਰ ਹਰਵਾ ਵਰਤ ਕੇ ਪੰਜਾਬ ਦੀ ਨੌਜਵਾਨੀ ਦਾ ਘਾਣ ਕੀਤਾ ਗਿਆ, ਡਰ ਕਾਰਨ ਮਾਝੇ ਵੱਲ ਬਹੁਤੇ ਮਾਪਿਆਂ ਨੇ ਆਪਣੇ ਨੌਜਵਾਨ ਬੱਚਿਆਂ ਨੂੰ ਵਿਦੇਸ਼ਾਂ ਦੇ ਰਾਹ ਪਾ ਦਿੱਤਾ,1984 ਤੋਂ ਬਾਅਦ ਸਰਕਾਰਾਂ ਨੇ ਨਸ਼ਿਆਂ ਦੇ ਸੌਦਾਗਰਾਂ ਵੱਲ ਉਕਾ ਧਿਆਨ ਨਹੀਂ ਦਿੱਤਾ ਬਹਿਲਾ ਫੁਸਲਾ ਕੇ ਨੌਜਵਾਨੀ ਨਸ਼ਿਆਂ ਵੱਲ ਤੋਰ ਦਿੱਤੀ,ਸਭ ਤੋਂ ਮਾੜੀ ਗੱਲ ਇਹ ਹੋਈ ਕਿ ਸਾਡੀ ਨੌਜਵਾਨੀ ਨੂੰ ਵਿਦੇਸ਼ਾਂ ਦੇ ਸਬਜਬਾਗ ਵਿਖਾ ਕੇ ਐਮੀਗਰੇਸ਼ਨ ਏਜੰਟਾਂ ਨੇ ਪੰਜਾਬ ਖਾਲੀ ਕਰਨ 'ਚ ਕਸਰ ਨਹੀਂ ਛੱਡੀ। ਕੇਂਦਰੀ ਸਿਆਸੀ ਪਾਰਟੀਆਂ ਨੇ ਤਾਂ ਜੋ ਕਰਨਾ ਸੀ ਉਹਨਾਂ ਨੇ ਕੀਤਾ, ਸਾਡੀ ਆਪਣੀ ਖੇਤਰੀ ਪਾਰਟੀ ਨੇ ਵੀ ਸਿਰਫ ਰਾਜ ਹੀ ਕੀਤਾ । ਸੱਚ ਤਾਂ ਇਹ ਕਿ ਸਾਡੀ ਹਾਕਮ ਜਮਾਤ ਕੁਰਸੀ ਯੁੱਧ ਚ ਜੇਤੂ ਹੋਕੇ ਸਿਰਫ ਰਾਜਸੀ ਸੁੱਖ ਭੋਗਣ ਨੂੰ ਹੀ ਆਪਣਾ ਨਿਸ਼ਾਨਾ ਮੰਨੀ ਬੈਠੀ ਹੈ , ਕਿਸੇ ਵੀ ਦੇਸ਼ ਦੀ ਹਕੂਮਤ ਦਾ ਇਹ ਫਰਜ ਹੁੰਦਾ ਹੈ ਕਿ ਆਪਣੇ ਮੁਲਕ ਦੇ ਲੋਕਾਂ ਦੇ ਚੰਗੇ ਜੀਵਨ ਲਈ ਹਰ ਸੰਭਵ ਯਤਨ ਕਰੇ।ਪਰ ਸੱਚੀ ਗੱਲ ਇਹ ਕਿ ਸਾਡੀ ਹਾਕਮ ਜਮਾਤ ਚ ਸੁਹਿਰਦਤਾ ਦੀ ਬੇਹੱਦ ਘਾਟ ਹੈ ।ਪੰਜਾਬ ਦੇ ਮੁਖੀਆਂ ਚੋਂ ਸਿਰਫ ਲਛਮਣ ਸਿੰਘ ਗਿੱਲ ਹੀ ਅਜਿਹੇ ਮੁੱਖ ਮੰਤਰੀ ਰਹੇ ਜਿਹਨਾਂ ਨੇ ਪੰਜਾਬ ਭਾਸ਼ਾ ਐਕਟ ਬਣਾ ਕੇ ਪੰਜਾਬੀ ਮਾਂ ਬੋਲੀ ਦੀ ਅਸੀਸ ਪ੍ਰਾਪਤ ਕੀਤੀ ਹੈ।ਹੁਣ ਭਾਸ਼ਾ ਵਿਭਾਗ ਦਾ ਕੰਮ ਹੈ ਕਿਸ ਤਰ੍ਹਾਂ ਇਸ ਨੂੰ ਦ੍ਰਿੜ੍ਹਤਾ ਨਾਲ ਲਾਗੂ ਕਰਨਾ ਹੈ। ਅੱਜ ਪੰਜਾਬ ਦੇ ਬਹੁਤੇ ਸਕੂਲਾਂ ਵਿਚ ਪੰਜਾਬੀ ਬੋਲਣ ਤੇ ਪਾਬੰਦੀ ਹੈ ਹੈਰਾਨੀਜਨਕ ਤੱਥ ਇਹ ਹੈ ਕਿ ਮਾਪੇ ਅਜਿਹੇ ਸਕੂਲਾਂ ਵਿਚ ਲੱਖਾਂ ਰੁਪਏ ਦਾਨ ਰੂਪੀ ਰਿਸ਼ਵਤ ਦੇ ਕਿ ਬੱਚਿਆਂ ਦੇ ਦਾਖਲੇ ਕਰਾ ਰਹੇ ਹਨ। ਬਹੁਤੇ ਸਰਦੇ ਪੁੱਜਦੇ ਪੰਜਾਬੀ ਤਾਂ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਦਾਖਲ ਹੀ ਨਹੀਂ ਕਰਾਉਂਦੇ।

ਪੰਜਾਬ 'ਹਰੀ ਕਰਾਂਤੀ' ਦੇ ਦੌਰ ਤੋਂ ਬੇਸ਼ੱਕ ਪੂਰੇ ਹਿੰਦੋਸਤਾਨ ਦਾ ਪੇਟ ਭਰਦਾ ਆ ਰਿਹਾ ਹੈ ਪਰ ਪੰਜਾਬੀ ਕਿਸਾਨ ਕਰਜਾਈ ਹੁੰਦਾ ਜਾ ਰਿਹਾ ,ਹਰੀ ਕਰਾਂਤੀ ਨੇ ਪੰਜਾਬ ਨੂੰ ਅਜਿਹੀ ਖੁਸ਼ਹਾਲੀ ਬਖਸ਼ੀ ਕਿ ਪੰਜਾਬ ਦਾ ਕਿਸਾਨ ਖੁਦਕਸ਼ੀਆਂ ਦੇ ਰਾਹ ਪੈ ਗਿਆ। ਪਿਛਲੇ ਤਿੰਨ ਦਹਾਕਿਆਂ ਤੋਂ ਪ੍ਰਵਾਸੀ ਮਜਦੂਰਾਂ ਦੀ ਆਮਦ ਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ,ਸਾਡੀ ਖੇਤੀ ਚ ਆਇਆ ਬਦਲਾਵ ਅਤੇ ਇੱਥੋਂ ਦੀਆਂ ਉਦਯੋਗਿਕ ਇਕਾਈਆਂ ਵੀ ਇਸ ਪ੍ਰਵਾਸ 'ਚ ਹੋਰ ਵਾਧਾ ਕਰ ਰਹੀਆਂ ਹਨ।। ਮਾਲਵੇ ਦੀ ਨਰਮਾ ਪੱਟੀ, ਨਰਮੇ ਕਪਾਹ ਨੂੰ ਉੱਕਾ ਹੀ ਵਿਸਾਰ ਗਈ ਅੱਜ ਸਾਰੇ ਪੰਜਾਬ ਵਿੱਚ ਝੋਨੇ ਦੀ ਸਰਦਾਰੀ ਹੈ।ਇਕ ਹੋਰ ਅਹਿਮ ਗੱਲ ਇਹ ਹੋਈ ਕਿ ਪੰਜਾਬੀਆਂ ਨੇ ਖਾਸ ਕਰਕੇ ਵੱਡੇ ਕਿਸਾਨਾਂ ਨੇ ਚਾਰ ਦਹਾਕਿਆਂ ਤੋਂ ਪਰਿਵਾਰ ਨਿਯੋਜਨ ਨੂੰ ਇਸ ਤਰ੍ਹਾਂ ਲਾਗੂ ਕਰ ਲਿਆ ਜੇ ਪਹਿਲਾ ਲੜਕਾ ਪੈਦਾ ਹੋ ਗਿਆ ਤਾਂ ਦੂਸਰਾ ਬੱਚਾ ਪੈਦਾ ਹੀ ਨਹੀਂ ਕੀਤਾ ,ਜਿਹੜਾ 'ਕੱਲਾ- ਕਾਹਰਾ ਸੀ ਉਹ ਵੀ ਵਿਦੇਸ਼ੀਂ ਤੋਰ ਦਿੱਤਾ । ਪਿੱਛੇ ਸਾਰਾ ਕਾਰੋਬਾਰ ਤੇ ਖੇਤੀ ਕੇਵਲ ਮਜ਼ਦੂਰਾਂ ਦੇ ਹੱਥ ਰਹਿ ਗਈ। ਇਸ ਕਾਰਨ ਪ੍ਰਵਾਸੀ ਮਜ਼ਦੂਰ ਕਿਸਾਨਾਂ ਦੀ ਮਜਬੂਰੀ ਵੀ ਬਣ ਗਏ। ਹੁਣ ਮਜਦੂਰਾਂ ਦੇ ਭੇਸ 'ਚ ਅਪਰਾਧੀ ਅਤੇ ਬਿਹਾਰ-ਬੰਗਾਲ ਚੋਂ ਕੱਢੇ ਬੰਗਲਾ ਦੇਸ਼ੀ ਸ਼ਰਨਾਰਥੀ ਤੇ ਰੋਹਿੰਗਿਆਂ ਦੇ ਆਉਣ ਦਾ ਵੀ ਸ਼ੱਕ ਕੀਤਾ ਜਾ ਰਿਹਾ ,ਯੂ ਪੀ ਦੇ ਮੁੱਖ ਮੰਤਰੀ ਦੀ ਸਖਤੀ ਕਰਨ ਉੱਥੋਂ ਭੱਜੇ ਅਪਰਾਧੀ ਕਿਸਮ ਦੇ ਲੋਕਾਂ ਦੇ ਵੀ ਪੰਜਾਬ ਵਿਚ ਆਉਣ ਦਾ ਖਦਸਾ ਬਣਿਆ ਹੋਇਆ ਹੈ।ਪੰਜਾਬ ਦੇ ਲੋਕਾਂ ਵਿੱਚ ਇਕ ਡਰ ਬਣ ਗਿਆ ਹੈ। ਇਹ ਵੀ ਸ਼ੱਕ ਕੀਤਾ ਜਾ ਰਿਹਾ ਕਿ ਇਕ ਸ਼ਾਜਿਸ਼ ਅਧੀਨ ਪੰਜਾਬ ਦੇ ਸਭਿਆਚਾਰ ਤੇ ਬੋਲੀ ਨੂੰ ਤਹਿਸ-ਨਹਿਸ ਕਰਨ ਲਈ ਇੱਥੋਂ ਦੀ ਭੂਗੋਲਿਕ ਸਥਿਤੀ ਬਦਲੀ ਜਾ ਰਹੀ। ਉਹ ਸੂਬਾ ਜਿਸ ਕੋਲ ਸਿਰਫ 1.53% ਏਰੀਆ ਹੀ ਭਾਰਤ ਦੇ ਕੁੱਲ ਖੇਤਰਫਲ ਦਾ ਹੈ ਉੱਥੇ ਇਸ ਤਰ੍ਹਾਂ ਦਾ ਜਮਘਟਾ ਲਾਉਣਾ ਕਿੱਥੋਂ ਤੀਕ ਜਾਇਜ ਹੈ ,ਹਰ ਇਕ ਕੰਮ ਦੀ ਇਕ ਸੀਮਾ ਹੁੰਦੀ ਹੈ।ਹੁਣ ਲੋਕ ਹੋਰ ਨਹੀਂ ਬਰਦਾਸ਼ਤ ਕਰ ਸਕਦੇ। ਸੰਨ 2000ਤੋਂ 2014 ਤੱਕ ਭਾਸ਼ਾ ਤੇ ਸੰਸਕ੍ਰਿਤਕ ਭਿੰਨਤਾ ਕਾਰਨ ਭਾਰਤ ਵਿੱਚ ਚਾਰ ਰਾਜ ਹੋਰ ਹੋਂਦ 'ਚ ਆ ਗਏ ਹਨ। ਜੇਕਰ ਕਿਸੇ ਰਾਜ ਦੀ ਭਾਸ਼ਾ ਤੇ ਸਭਿਆਚਾਰ ਨੂੰ ਦੂਜੇ ਰਾਜਾਂ ਦੇ ਸਭਿਆਚਾਰਾਂ 'ਚ ਰਲ ਗੱਡ ਹੀ ਕਰਨਾ ਹੈ ਤਾਂ ਇਹ ਚਾਰ ਨਵੇਂ ਰਾਜ ਬਣਾਏ ਹੀ ਕਿਉਂ ??

ਕਿਸਾਨ ਅੰਦੋਲਨ 2020 ਵੇਲੇ ਦੇਖਿਆ ਗਿਆ ਕੇ ਕੇਂਦਰੀ ਰਾਜਸੀ ਸੱਤਾਧਾਰੀਆਂ ਵੱਲੋਂ ਅਜਿਹਾ ਮਾਹੌਲ ਸਿਰਜਿਆ ਗਿਆ ਕਿ ਹਰ ਪੱਗ ਵਾਲੇ ਨੂੰ ਖਾਲਿਸਤਾਨੀ ਕਹਿ ਕੇ ਚਿੜਾਇਆ ਜਾਣਾ ਆਮ ਗੱਲ ਹੋ ਗਈ ਸੀ। ਹੱਕੀ ਮੰਗਾਂ ਰੋਲਣ ਲਈ ਹਰ ਤਰ੍ਹਾਂ ਦੇ ਪੈਂਤੜੇ ਖੇਡੇ ਗਏ। ਜੇ ਅੱਜ ਵੇਖੀਏ ਸਿੱਖੀ ਦੀ ਗੱਲ ਕਰਨ ਵਾਲੇ ਨੂੰ ਅੱਤਵਾਦੀ,ਵੱਖਵਾਦੀ ਪਿਛਾਕੜ ਸੋਚ ਤੇ ਹੋਰ ਪਤਾ ਨਹੀਂ ਕੀ ਕੁਝ ਕਿਹਾ ਜਾਂਦਾ ਹੈ।ਪੰਜਾਬ ,ਪੰਜਾਬੀ ,ਪੰਜਾਬੀਅਤ ਦੀ ਗੱਲ ਕਰਨ ਵਾਲਿਆਂ ਤੇ ਉਹੀ ਦੋਸ਼ ਲੱਗ ਰਹੇ ਹਨ ਜੋ ਪਿਛਲੇ ਕਿਸਾਨ ਅੰਦੋਲਨ ਦੌਰਾਨ ਆਮ ਕਿਸਾਨਾਂ ਤੇ ਲੱਗਦੇ ਸਨ। ਪਿਛਲੇ ਦਿਨਾਂ ਵਿਚ ਇਕ ਪ੍ਰਵਾਸੀ ਦਰਿੰਦੇ ਵੱਲੋਂ ਇਕ ਪੰਜ ਸਾਲ ਦੇ ਬੱਚੇ ਦਾ ਕਤਲ ਬੜੀ ਬੇਰਹਿਮੀ ਨਾਲ ਕਰ ਦਿੱਤਾ ਗਿਆ,ਇਸ ਘਟਨਾ ਨੇ ਸਾਰੇ ਪੰਜਾਬ ਨੂੰ ਝੰਜੋੜ ਕੇ ਰੱਖ ਦਿੱਤਾ।ਪੰਜਾਬ ਦਾ ਕੋਈ ਵੀ ਸੰਵੇਦਨਸ਼ੀਲ ਮਨੁੱਖ ਅਜੇਹਾ ਨਹੀਂ ਹੋਵੇਗਾ ਜਿਸ ਨੇ ਇਸ ਦਾ ਬੇਇੰਤਹਾ ਦੁੱਖ ਨਾ ਮਨਾਇਆ ਹੋਵੇ,ਮੌਜੂਦਾ ਸੰਕਟ ਚ ਹੀ ਦੇਖ ਲਓ ਕੋਈ ਵੀ ਸਿਆਸੀ ਨੇਤਾ ਬੱਚੇ ਦੇ ਮਾਪਿਆਂ ਨਾਲ ਦੁੱਖ ਤੱਕ ਪ੍ਰਗਟ ਕਰਨ ਤੱਕ ਨਹੀਂ ਪਹੁੰਚਿਆ ਸਿਵਾਏ 'ਸੁਖਪਾਲ ਸਿੰਘ ਖਹਿਰਾ' ਜਾਂ ਇਕ-ਦੋ ਹੋਰ, ਜਦ ਕਿ ਪੰਜਾਬ ਦਾ ਹਰ ਦਰਦੀ ਅੱਜ ਗਹਿਰੇ ਦੁੱਖ 'ਚ ਸ਼ਾਮਲ ਹੈ। ਜੇ ਇਹ ਹਾਕਮ ਸੁਹਿਰਦ ਹੋਣ ਤਾਂ ਅਜਿਹੇ ਸੰਕਟ ਉਭਰਨ ਹੀ ਨਾ। ਇਹ ਸੱਚ ਹੈ ਕਿ ਮਨੁੱਖ ਰੋਜੀ ਰੋਟੀ ਦੀ ਤਲਾਸ਼ ਚ ਘਰੋਂ ਬੇਘਰ ਹੋ ਕੇ ਦੇਸ਼-ਵਿਦੇਸ਼ ਚ ਜਿਥੇ ਵੀ ਸੁਖਾਵਾਂ ਮਾਹੌਲ ਮਿਲੇ ਪਹੁੰਚ ਜਾਂਦਾ ਹੈ । ਸਾਨੂੰ ਇਹ ਵੀ ਪਤਾ ਹੈ ਕਿ ਬੇਸ਼ੱਕ ਇਕ ਦੋਸ਼ੀ ਕਾਰਨ ਸਾਰੇ ਪ੍ਰਵਾਸੀ ਮਜ਼ਦੂਰਾਂ ਨੂੰ ਸਜਾ ਦੇਣੀ ਠੀਕ ਨਹੀਂ , ਨਾ ਹੀ ਸਾਰੇ ਅਪਰਾਧਿਕ ਬਿਰਤੀ ਦੇ ਹਨ। ਇਕ ਕਿਰਤੀ ਨੂੰ ਆਪਣੇ ਪਰਿਵਾਰ ਪਾਲਣ ਤੋਂ ਵਿਹਲ ਨਹੀਂ ਮਿਲਦੀ ਉਸਨੇ ਕੋਈ ਸਿਆਸਤ ਜਾਂ ਅਪਰਾਧ ਚ ਰੁੱਚੀ ਤਾਂ ਕੀ ਰੱਖਣੀ ਹੈ,ਪਰ ਅੱਜ ਧਨਾਢਾਂ ਵੱਲੋਂ ਬਿਹਾਰ ਨੂੰ ਗੁਜਰਾਤ ਬਣਾਇਆ ਜਾ ਰਿਹਾ ਹੈ ਤੇ ਪੰਜਾਬ ਨੂੰ ਯੂ ਪੀ ਬਿਹਾਰ, ਪੂਰੀ ਦੁਨੀਆ ਤੇ ਨਿਊ ਵਰਲਡ ਆਰਡਰ ਲਾਗੂ ਕਰਨ ਲਈ ਬੜੀ ਤੇਜੀ ਨਾਲ ਕਾਰਪੋਰੇਟ ਘਰਾਣੇ ਵੱਧ ਰਹੇ ਹਨ ।ਨਿਊ ਵਰਲਡ ਆਰਡਰ ਦਾ ਪਹਿਲਾ ਮੁੱਢਲਾ ਕਦਮ ਹੀ ਹਰ ਖਾਸ ਸਭਿਆਚਾਰ ਅਤੇ ਉਹ ਸੰਸਕ੍ਰਿਤਕ ਧੁਰੇ ਜਿਹਨਾਂ ਦੁਆਲੇ ਲੋਕ ਪੂਰੀ ਸ਼ਿੱਦਤ ਨਾਲ ਜੁੜੇ ਹੋਣ ਜਾਂ ਜੁੜ ਸਕਦੇ ਹੋਣ ,ਨੂੰ ਬਰਬਾਦ ਕਰਕੇ ਖਿਚੜੀ ਸਭਿਆਚਾਰ ਪੈਦਾ ਕਰਨਾ ਹੈ ।ਅਜਿਹੀ ਸੋਚ ਹੀ ਅਸਾਡੇ ਆਪਣੇ ਕੁਝ ਅਖੌਤੀ ਵਿਦਵਾਨਾਂ ਦੀ ਜਾਪਦੀ ਹੈ,ਉਹ ਪੰਜਾਬ ਦੀ ਗੱਲ ਸੁਣਨ ਲਈ ਤਿਆਰ ਨਹੀਂ ।ਸਾਰੀ ਦੁਨੀਆ ਨੂੰ ਪਤਾ ਹੈ ਪੰਜਾਬੀ ਦੁਨੀਆ ਭਰ ਦੇ ਸਭ ਤੋਂ ਵੱਧ ਮਾਨਵਵਾਦੀ ਤੇ ਰਹਿਮ ਦਿਲ ਲੋਕ ਹਨ। ਉਹਨਾਂ ਦੀ ਮਜਬੂਰੀ ਹੈ ਉਹ ਸੁਰੱਖਿਆਤ ਹੋਣਾ ਲੋਚਦੇ ਹਨ। ਉਹ ਆਪਣੇ ਸਭਿਆਚਾਰ ਤੇ ਮਾਂ ਬੋਲੀ ਦੀ ਵੱਖਰੀ ਪਹਿਚਾਣ ਨੂੰ ਬਰਕਰਾਰ ਰੱਖਣਾ ਚਾਹੁੰਦੇ ਹਨ। ਅਜੋਕੇ ਹਾਲਾਤ 'ਚ ਅੱਜ ਵਧਦੀ ਆਬਾਦੀ ਦੀਆਂ ਸੱਮਸਿਆਵਾਂ ਨੂੰ ਮੁੱਖ ਰੱਖ ਕੇ ਹਾਕਮ ਧਿਰ ਨੂੰ ਐਸ਼ੋ-ਆਰਾਮ ਚੋਂ ਵਕਤ ਕੱਢ ਕੇ ਦਰਪੇਸ਼ ਨਿੱਤ ਨਵੀਆਂ ਚਣੌਤੀਆਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।ਪ੍ਰਵਾਸ ਦੇ ਮਾਮਲੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਇਹ ਕੇਵਲ ਪੰਜਾਬ ਲਈ ਹੀ ਨਹੀਂ ਪੂਰੇ ਭਾਰਤ 'ਚ ਹੋਣਾ ਚਾਹੀਦਾ ਹੈ। ਇਕ ਪ੍ਰਦੇਸ਼ ਤੋਂ ਦੂਜੇ ਪ੍ਰਦੇਸ਼ ਵਿਚ ਜਾ ਕੇ ਕੰਮ ਕਰਨ ਵਾਲੇ ਪ੍ਰਵਾਸੀ ਕਾਮਿਆਂ ,ਜਿਹਨਾਂ ਨੇ ਲੰਬੀ ਦੇਰ ਦੂਜੀ ਸਟੇਟ 'ਚ ਰਹਿਣਾ ਉਹਨਾਂ ਲਈ ਆਪਣੀ ਪਿਤਰੀ ਸਟੇਟ ਦਾ ਆਧਾਰ ਕਾਰਡ ਪਹਿਚਾਣ ਪੱਤਰ ਵਜੋਂ ਹੋਣ ਦੇ ਨਾਲ ਨਾਲ ਪ੍ਰਵਾਨਤ ਵੈਰੀਫਿਕੇਸ਼ਨ ਵੀ ਜਰੂਰੀ ਹੋਵੇ,ਬਿਨਾਂ ਪਹਿਚਾਣ ਪੱਤਰ ਜਾਂ ਵੈਰੀਫਿਕੇਸ਼ਨ ਦੂਜੀ ਸਟੇਟ ਵਾਲੇ ਤੁਰੰਤ ਉਸਨੂੰ ਬਾਹਰ ਕਰ ਦੇਣ ਤਾਂ ਕੋਈ ਇਤਰਾਜ ਹੋਣਾ ਹੀ ਨਹੀਂ ਚਾਹੀਦਾ, ਦੂਜੀ ਸਟੇਟ 'ਚ ਪ੍ਰਵਾਸੀ ਕਾਮਿਆਂ ਲਈ ਸਮਾਂਬੱਧ ਨਵਿਆਉਣ ਯੋਗ ਵਰਕ ਪਰਮਿਟ ਜਾਰੀ ਕੀਤੇ ਜਾਣ। ਵੈਲਿਡ ਵਰਕ ਪਰਮਿਟ ਮਿਲਣ ਨਾਲ ਪ੍ਰਵਾਸੀ ਕਾਮਿਆਂ ਦੇ ਹਿੱਤ ਵੀ ਸੁਰੱਖਿਅਤ ਹੋ ਸਕਣਗੇ । ਕੋਈ ਵੀ ਕਿਰਤ ਕਰੇ ਰੱਜ ਕੇ ਖਾਵੇ। ਪਰ ਪੰਜਾਬ ਦੀ ਧਰਤੀ ਐਨੀ ਵੱਡੀ ਨਹੀਂ ਜਿਹੜੀ ਪੂਰੇ ਹਿੰਦੋਸਤਾਨ ਨੂੰ ਆਪਣੇ ਚ ਸਮੋ ਲਵੇ। ਬਿਹਤਰ ਇਹੀ ਹੈ ਸਭ ਰੁਜ਼ਗਾਰ ਕਰਨ, ਆਪਣੇ ਪ੍ਰਦੇਸ਼ ਮੁੜਨ ਦੇ ਅਰਮਾਨ ਵੀ ਸੰਜੋਈ ਰੱਖਣ। ਪੰਜਾਬ ਸਰਕਾਰ ਤੇ ਦਬਾਅ ਬਣਾਇਆ ਜਾਵੇ ਪੰਜਾਬ 'ਚ ਉਹ ਵਿਸ਼ੇਸ਼ ਕਾਨੂੰਨ ਬਣਾਵੇ ਜੋ ਬਾਕੀ 14 ਭਾਰਤੀ ਸਟੇਟਾਂ ਚ (ਆਰਟੀਕਲ 371 ਤਹਿਤ) ਪਹਿਲਾਂ ਬਣਿਆ ਹੋਇਆ ਹੈ ਜਿਸ ਰਾਹੀ ਉੱਥੋਂ ਦੀ ਭਾਸ਼ਾ ਤੇ ਸਭਿਆਚਾਰਕ ਆਜਾਦੀ ਨੂੰ ਸੁਰੱਖਿਅਤ ਰੱਖਿਆ ਗਿਆ ਹੈ। ਇਹ ਕਹਿ ਕੇ ਹੱਕੀ ਮੰਗ ਨੂੰ ਦਬਾਉਣਾ ਕਿ ਪੰਜਾਬੀ ਵੀ ਦੂਜੀਆਂ ਸਟੇਟਾਂ ਵਿਚ ਵਸਦੇ ਹਨ ਕਦਾਚਿਤ ਠੀਕ ਨਹੀਂ ,ਨਵੰਬਰ 84 ਦੀ ਯਾਦ ਕਰਾਕੇ, ਧਮਕਾਉਣਾ ਇਕ ਮੁਜਿਰਮ-ਆਨਾ ਵਿਵਹਾਰ ਹੈ ।ਪੰਜਾਬ ਦੇ ਸ਼ਾਂਤੀ ਪਸੰਦ ਲੋਕ ਸਪੱਸ਼ਟ ਮੰਗ ਕਰਦੇ ਹਨ ਪੰਜਾਬ ਬਿਲਕੁਲ ਵੱਖਰੀ ਕਿਸਮ ਦੀ ਰਹਿਤਲ ਵਾਲਾ ਘੱਟ ਗਿਣਤੀ ਸਭਿਆਚਾਰਕ ਰਾਜ ਹੈ ,ਇਸਦੀ ਸਰਹੱਦੀ ਇਲਾਕਾਈ, ਭਾਸ਼ਾਈ ਤੇ ਸਭਿਆਚਾਰਕ ਭਿੰਨਤਾ ਨੂੰ ਬਚਾਉਣ ਲਈ ਇਸ ਨੂੰ ਵਿਸ਼ੇਸ਼ ਆਰਟੀਕਲ 371,ਤਹਿਤ ਵਿਸ਼ੇਸ਼ ਰਾਜ ਦਾ ਦਰਜਾ ਦਿੱਤਾ ਜਾਵੇ। ਹਿਮਾਚਲ, ਰਾਜਸਥਾਨ, ਉਤਰਾਖੰਡ ,ਸਿੱਕਮ ,ਗੁਜਰਾਤ ਆਦਿ , ਸੁਰੱਖਿਅਤ ਰਾਜਾਂ ਵਾਂਗ ,ਪੰਜਾਬ ਵਿਚ ਵੀ ਕਿਸੇ ਵੀ ਗੈਰ ਪੰਜਾਬੀ ਨੂੰ ਇੱਥੋਂ ਦੀ ਵਾਹੀਯੋਗ ਜਮੀਨ ਖਰੀਦਣ ਦਾ ਅਧਿਕਾਰ ਤੇ ਸਥਾਨਕਤਾ ਬਿਨਾਂ ਸ਼ਰਤ ਅਤੇ ਪਰਖ ਕਾਲ ਪਾਸ ਕੀਤੇ ਵਗੈਰ ਨਾ ਦਿੱਤਾ ਜਾਵੇ।

**-ਅਮਰਜੀਤ ਸਿੰਘ ਜੀਤ, 9417287122**

ਖਿਡਾਰੀਆਂ ਲਈ ਮੈਡਲਾਂ ਦੀ ਸੇਵਾ ਸ੍ਰ. ਕੌਰ ਸਿੰਘ ਚੇਅਰਮੈਨ ਸ਼ਹੀਦ ਭਗਤ ਸਿੰਘ ਮਲਕਾਣਾ ਅਤੇ ਪੀਣ ਵਾਲੇ ਪਾਣੀ ਦੀ ਸੇਵਾ ਗੁਰੂ ਕਾਸ਼ੀ ਟਾਇਰਜ ਤਲਵੰਡੀ ਸਾਬੋ ਵੱਲੋਂ

# ਤਲਵੰਡੀ ਸਾਬੋ ਦੀਆ ਜੋਨ ਪੱਧਰੀ ਸਰਦ ਰੁੱਤ ਖੇਡਾਂ ਸ਼ੁਰੂ



**ਤਲਵੰਡੀ ਸਾਬੋ, 23 ਸਤੰਬਰ (ਗੁਰਜੰਟ ਸਿੰਘ ਨਥੇਹਾ)**-ਸਿੱਖਿਆ ਵਿਭਾਗ ਪੰਜਾਬ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਮਮਤਾ ਖੁਰਾਣਾ ਅਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਜਸਵੀਰ ਸਿੰਘ ਗਿੱਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਤਲਵੰਡੀ ਸਾਬੋ ਜੋਨ ਦੀਆਂ ਸਰਦ ਰੁੱਤ ਖੇਡਾਂ ਮਾਤਾ ਸਾਹਿਬ ਕੌਰ ਗਰਲਜ ਕਾਲਜ ਵਿਖੇ ਸ਼ੁਰੂ ਹੋ ਗਈਆਂ। ਟੂਰਨਾਮੈਂਟ ਦਾ ਉਦਘਾਟਨ ਜੋਨਲ ਟੂਰਨਾਮੈਂਟ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੁੱਖ ਅਧਿਆਪਕ ਸਹਸ ਲਾਲੇਆਣਾ ਅਤੇ ਡਾਕਟਰ ਕਮਲਪ੍ਰੀਤ ਕੌਰ ਪ੍ਰਿੰਸੀਪਲ ਮਾਤਾ ਸਾਹਿਬ ਕੌਰ ਗਰਲਜ ਕਾਲਜ ਵੱਲੋਂ ਸਾਂਝੇ ਰੂਪ ਵਿਚ ਕੀਤਾ ਗਿਆ। ਟੂਰਨਾਮੈਂਟ ਕਮੇਟੀ ਦੇ ਜਨਰਲ ਸਕੱਤਰ ਗੁਰਜੰਟ ਸਿੰਘ ਡੀਪੀਈ ਚੱਠੇਵਾਲਾ ਨੇ ਦੱਸਿਆ ਕਿ ਵਿੱਤ ਸਕੱਤਰ ਹਰਮੰਦਰ ਸਿੰਘ ਪੀਟੀਆਈ ਲਾਲੇਆਣਾ (ਸਟੇਟ ਅਵਾਰਡੀ) ਦੀ ਨਿਗਰਾਨੀ ਹੇਠ ਬਹੁਤ ਵਧੀਆ ਪ੍ਰਬੰਧ ਕੀਤੇ ਗਏ ਹਨ। ਜੇਕਰ ਨਤੀਜਿਆਂ ਦੀ ਗੱਲ ਤਾ ਅੰਡਰ- 14 ਸਾਲ ਲੜਕੀਆਂ ਵਿੱਚੋਂ ਕਮਲਪ੍ਰੀਤ ਕੌਰ ਮਾਲਵਾ ਸਕੂਲ ਨੰਗਲਾ ਪਹਿਲਾ, ਹਰਮਨਜੋਤ ਕੌਰ ਸ਼ਹੀਦ ਭਗਤ ਸਿੰਘ ਪਬਲਿਕ ਸਕੂਲ ਮਲਕਾਣਾ ਦੂਜਾ ਅਤੇ ਅਵਨੀਤ ਕੌਰ ਸੇਂਟ ਜੇਵੀਅਰ ਸਕੂਲ ਜੱਜਲ ਨੇ ਤੀਜਾ, ਡਿਸਕਸ ਲੜਕਿਆਂ ਵਿਚ ਗੁਰਜੋਤ ਸਿੰਘ ਸਹਸ ਮਲਕਾਣਾ ਨੇ ਪਹਿਲਾ, ਮਹਿਰਾਜ ਸਿੰਘ ਯੂਨੀਵਰਸਲ ਸਕੂਲ ਨੇ ਦੂਜਾ ਅਤੇ ਖੁਸ਼ਦੀਪ ਸਿੰਘ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਜੋਗੇਵਾਲਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ- 14 ਸਾਲ 100 ਮੀਟਰ ਲੜਕੀਆਂ ਵਿਚ ਮਨਪ੍ਰੀਤ ਕੌਰ ਸਹਸ ਮਲਕਾਣਾ ਨੇ ਪਹਿਲਾ, ਖੁਸ਼ਪ੍ਰੀਤ ਕੌਰ ਸਹਸ ਚੱਠੇਵਾਲਾ ਨੇ ਦੂਜਾ ਅਤੇ ਮਨਦੀਪ ਕੌਰ ਸਸਸਸ ਜਗਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ- 14 ਸਾਲ ਲੰਬੀ ਛਾਲ ਲੜਕੀਆਂ ਵਿੱਚੋਂ ਅਰਸਮੀਨ ਕੌਰ ਸਹਸ ਮਲਕਾਣਾ ਨੇ ਪਹਿਲਾ, ਸੁਖਮਨਦੀਪ ਕੌਰ ਸਹਸ ਮਲਕਾਣਾ ਨੇ ਦੂਜਾ ਅਤੇ ਏਕਰੂਪ ਸਸਸਸ ਰਾਮਸਰਾ ਨੇ ਤੀਜਾ, ਲੰਬੀ ਛਾਲ ਅੰਡਰ- 14 ਸਾਲ ਲੜਕਿਆਂ ਵਿਚ ਹਰਸਵੀਰ ਸਿੰਘ ਸੇਂਟ ਜੇਵੀਅਰ ਸਕੂਲ ਜੱਜਲ ਨੇ ਪਹਿਲਾ, ਲਵਦੀਪ ਸਿੰਘ ਸਸਸਸ ਸ਼ੇਖਪੁਰਾ ਨੇ ਦੂਜਾ ਅਤੇ ਗੁਰਸ਼ਾਨ ਸਿੰਘ ਸਹਸ ਮਲਕਾਣਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ- 19 ਸਾਲ 100 ਮੀਟਰ ਲੜਕੀਆਂ ਵਿਚ ਚਰਨਜੀਤ ਕੌਰ ਸਹਸ ਮਲਕਾਣਾ ਨੇ ਪਹਿਲਾ, ਕਮਲਦੀਪ ਕੌਰ ਖਾਲਸਾ ਸਸਸ ਸਕੂਲ ਤਲਵੰਡੀ ਸਾਬੋ ਨੇ ਦੂਜਾ ਅਤੇ ਕਿਰਨਪ੍ਰੀਤ ਕੌਰ ਖਾਲਸਾ ਸਸਸ ਸਕੂਲ ਤਲਵੰਡੀ ਸਾਬੋ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ- 19 ਸਾਲ 400 ਮੀਟਰ ਲੜਕੀਆਂ ਵਿਚ ਖੁਸ਼ਦੀਪ ਕੌਰ ਸ਼ਹੀਦ ਭਗਤ ਸਿੰਘ ਸਕੂਲ ਮਲਕਾਣਾ ਨੇ ਪਹਿਲਾ, ਰਮਨੀਤ ਕੌਰ ਖਾਲਸਾ ਸਸਸ ਸਕੂਲ ਤਲਵੰਡੀ ਸਾਬੋ ਨੇ ਦੂਜਾ ਅਤੇ ਹਰਮਨ ਕੌਰ ਮਾਤਾ ਸਾਹਿਬ ਕੌਰ ਗਰਲਜ ਕਾਲਜ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ- 14 ਸਾਲ 200 ਮੀਟਰ ਲੜਕੀਆਂ ਵਿਚ ਮਮਤਾ ਸਹਸ ਚੱਠੇਵਾਲਾ ਨੇ ਪਹਿਲਾ, ਮਨਵੀਰ ਕੌਰ ਸਹਸ ਚੱਠੇਵਾਲਾ ਨੇ ਦੂਜਾ ਅਤੇ ਸਹਿਜਵੀਰ ਕੌਰ ਸੰਸਕਾਰ ਸਕੂਲ ਤਲਵੰਡੀ ਸਾਬੋ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ- 14 ਸਾਲ ਲੜਕਿਆਂ ਵਿਚ ਸਨੀ ਕੁਮਾਰ ਸਸਸਸ ਗਿਆਨਾ ਨੇ ਪਹਿਲਾ, ਰਕੇਸ਼ ਸਹਸ ਬਾਘਾ ਨੇ ਦੂਜਾ ਅਤੇ ਸੁਖਮਨਜੋਤ ਸਿੰਘ ਡੀ ਏ ਵੀ ਸਕੂਲ ਰਾਮਾਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੱਜ ਦੇ ਮੁਕਾਬਲੇ ਬਹੁਤ ਰੌਚਕ ਰਹੇ। ਕੱਲ ਅੰਡਰ 17 ਅਤੇ 19 ਲੜਕਿਆਂ ਦੇ ਮੁਕਾਬਲੇ ਕਰਵਾਏ ਜਾਣਗੇ। ਟੂਰਨਾਮੈਂਟ ਵਿੱਚ ਜਗਦੀਪ ਸਿੰਘ ਡੀਪੀਈ (ਕਨਵੀਨਰ ਥਰੋਅਜ) ਗੁਰਤੇਜ ਸਿੰਘ ਪੀਟੀਆਈ ਮਲਕਾਣਾ (ਕੋ ਕਨਵੀਨਰ ਥਰੋਅਜ), ਗੁਰਪ੍ਰੀਤ ਸਿੰਘ ਡੀਪੀਈ ਗਿਆਨਾਂ, ਲਖਵੀਰ ਸਿੰਘ ਡੀਪੀਈ ਲਹਿਰੀ, ਸੰਦੀਪ ਸਿੰਘ ਪੀਟੀਆਈ ਕੌਰੇਆਣਾ, ਜਸਵੀਰ ਕੌਰ ਪੀਟੀਆਈ ਲੇਲੇਵਾਲਾ, ਬਲਜਿੰਦਰ ਸਿੰਘ ਪੀਟੀਆਈ ਗਾਟਵਾਲੀ, ਰਜਿੰਦਰ ਸਿੰਘ ਪੀਟੀਆਈ ਮਾਹੀਨੰਗਲ, ਹਰਜੀਤ ਕੌਰ ਡੀਪੀਈ ਖਾਲਸਾ ਸਕੂਲ, ਹਰਪਾਲ ਸਿੰਘ ਡੀਪੀਈ ਖਾਲਸਾ ਸਕੂਲ, ਕਵਿਤਾ ਰਾਣੀ, ਸੁਖਪ੍ਰੀਤ ਸਿੰਘ ਡੀ ਪੀਈ ਕੋਟਬਖਤੂ (ਕਨਵੀਨਰ ਟਰੈਕ) ਲੈਕਚਰਾਰ ਸੁਖਦੇਵ ਸਿੰਘ (ਕੋ ਕਨਵੀਨਰ ਟਰੈਕ), ਕੁਲਵਿੰਦਰ ਸਿੰਘ ਡੀਪੀਈ ਬੰਗੀਰੁਘੂ, ਰਣਜੀਤ ਸਿੰਘ ਪੀਟੀਆਈ ਬਾਘਾ, ਤਰਸੇਮ ਸਿੰਘ ਪੀਟੀਆਈ ਜਗਾ, ਰਾਣਾ ਰਾਮ ਪੀਟੀਆਈ ਕਲਾਲਵਾਲਾ, ਮੋਨਿਕਾ ਪੀਟੀਆਈ ਤਰਖਾਣ ਵਾਲਾ, ਗੁਰਤੇਜ ਸਿੰਘ ਯੂਨੀਵਰਸਲ ਸਕੂਲ, ਜਗਤਾਰ ਸਿੰਘ ਡੀਪੀਈ ਤਲਵੰਡੀ ਸਾਬੋ, ਰੇਸ਼ਮ ਸਿੰਘ ਨੰਗਲਾ, ਚਰਨਜੀਤ ਸਿੰਘ ਮਿਰਜੇਆਣਾ, ਕਮਲਪ੍ਰੀਤ ਸਿੰਘ ਨਥੇਹਾ, ਹਰਵਿੰਦਰ ਸਿੰਘ (ਕੋ ਕਨਵੀਨਰ ਰਿਕਾਰਡ), ਸਤਵਿੰਦਰ ਸਿੰਘ ਮੈਥ ਮਾਸਟਰ ਲਾਲੇਆਣਾ, ਬਲਕਰਨ ਸਿੰਘ ਮਿਰਜੇਆਣਾ, ਗੁਰਮੇਲ ਸਿੰਘ ਮਲਕਾਣਾ, ਤੇਜਿੰਦਰ ਕੁਮਾਰ ਰਾਮਸਰਾ (ਕਨਵੀਨਰ ਰਿਕਾਰਡ ਕਮੇਟੀ), ਬਲਜਿੰਦਰ ਸਿੰਘ (ਕਨਵੀਨਰ ਜੰਮਪਸ) ਹਰਪਾਲ ਸਿੰਘ ਡੀਪੀਈ (ਕੋ ਕਨਵੀਨਰ ਜੰਮਪਸ), ਅਮਨਦੀਪ ਸਿੰਘ ਪੀਟੀਆਈ ਸ਼ੇਖਪੁਰਾ, ਕਰਨੀ ਸਿੰਘ ਸੀਂਗੋ, ਸੁਖਵੀਰ ਸਿੰਘ ਐਸ.ਐਲ.ਏ, ਨਵਦੀਪ ਕੌਰ ਡੀ.ਏ.ਵੀ ਸਕੂਲ ਰਾਮਾਂ, ਗੁਰਸਿਮਰਨ ਸਿੰਘ ਸੇਂਟ ਸੋਲਜਰ ਸਕੂਲ, ਮਲਕੀਤ ਸਿੰਘ ਪੰਜਾਬੀ ਮਾਸਟਰ ਸੀਂਗੋ ਅਤੇ ਹੋਰ ਸਕੂਲਾਂ ਦੇ ਸਰੀਰਕ ਸਿੱਖਿਆ ਅਧਿਆਪਕ ਵੱਖ-ਵੱਖ ਖੇਡ ਮੈਦਾਨਾਂ ਵਿੱਚ ਆਪਣੀਆਂ ਡਿਊਟੀਆਂ ਬਾਖੂਬੀ ਨਿਭਾ ਰਹੇ ਹਨ।



ਸੁਨਾਮ 'ਚ ਡਟੀਆਂ ਸਿਹਤ ਵਿਭਾਗ ਦੀਆਂ ਟੀਮਾਂ

# ਘਰ-ਘਰ ਜਾ ਕੇ ਸਰਵੇ ਤੋਂ ਇਲਾਵਾ ਫੌਗਿੰਗ ਤੇ ਸਪਰੇਅ ਦਾ ਛਿੜਕਾਅ ਜਾਰੀ

**ਸੁਨਾਮ/ ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਅਤੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਵਲ ਸਰਜਨ ਸੰਗਰੂਰ ਡਾ. ਅਮਰਜੀਤ ਕੌਰ ਦੀ ਅਗਵਾਈ ਵਿੱਚ ਸੁਨਾਮ ਵਿਖੇ ਸਿਹਤ ਟੀਮਾਂ ਵੱਲੋਂ ਬੁਖਾਰ ਸਰਵੇਖਣ ਲਈ ਘਰ ਘਰ ਜਾ ਕੇ ਗਤੀਵਿਧੀਆਂ ਨਿਰੰਤਰ ਜਾਰੀ ਹਨ ਅਤੇ ਫੌਗਿੰਗ ਅਤੇ ਸਪਰੇਅ ਵੀ ਨਿਰੰਤਰ ਜਾਰੀ ਹੈ। ਡਾ. ਅਮਰਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਕਿ ਸ਼ਹਿਰ ਵਿੱਚ ਬੁਖ਼ਾਰ ਦੇ ਕੁਝ ਮਾਮਲੇ ਸਾਹਮਣੇ ਆ ਰਹੇ ਹਨ। ਜਿਸ 'ਤੇ ਸਿਹਤ ਵਿਭਾਗ ਨੇ ਤੁਰੰਤ ਹਰਕਤ ਵਿੱਚ ਆਉਂਦਿਆਂ ਵੱਖ ਵੱਖ ਤਰ੍ਹਾਂ ਦੀਆਂ ਟੀਮਾਂ ਦਾ ਗਠਨ ਕੀਤਾ। ਇਹ ਟੀਮਾਂ ਲੋਕਾਂ ਨੂੰ ਮੈਡੀਕਲ ਸੇਵਾਵਾਂ ਪ੍ਰਦਾਨ ਕਰ ਰਹੀਆਂ ਹਨ ਅਤੇ ਘਰ-ਘਰ ਜਾ ਕੇ ਸਰਵੇ ਵੀ ਕੀਤਾ ਜਾ ਰਿਹਾ ਹੈ। ਵੱਖ ਵੱਖ ਵਾਰਡਾਂ 'ਚ ਜਾ ਕੇ ਸਪਰੇ ਅਤੇ ਫੌਗਿੰਗ ਵੀ ਕੀਤੀ ਜਾ ਰਹੀ ਹੈ। ਸਿਵਲ ਸਰਜਨ ਨੇ ਕਿਹਾ ਕਿ ਸਿਵਲ ਹਸਪਤਾਲ ਸੁਨਾਮ ਵਿਖੇ ਮੈਡੀਸਨ ਸਪੈਲਿਸਟ, ਬੱਚਿਆਂ ਦੇ ਮਾਹਰ ਅਤੇ ਅੱਠ ਹੋਰ ਡਾਕਟਰਾਂ ਦੀਆਂ ਡਿਊਟੀਆਂ ਲਗਾਈਆਂ ਹਨ। ਸਿਹਤ ਵਿਭਾਗ ਵੱਲੋਂ ਕੀਤੀਆਂ ਗਤੀਵਿਧੀਆਂ ਅਤੇ ਜਾਗਰੂਕਤਾ ਕਾਰਨ ਬੁਖ਼ਾਰ ਦੇ ਕੇਸਾਂ ਵਿੱਚ ਕਮੀ ਆ ਜਾ ਰਹੀ ਹੈ ਅਤੇ ਸਿਹਤਯਾਬ ਹੋ ਰਹੇ ਹਨ। ਵੈਕਟਰ ਬੌਰਨ ਬਿਮਾਰੀਆਂ ਮਲੇਰੀਆ, ਡੇਂਗੂ ਅਤੇ ਚਿਕਨਗੁਨੀਆ ਤੋਂ ਬਚਾਅ ਲਈ ਸਭ ਨੂੰ ਸਾਵਧਾਨ ਰਹਿਣ ਦੀ ਲੋੜ ਹੈ। ਜਿਲ੍ਹਾ ਐਪੀਡੀਮੋਲੋਜਿਸਟ ਡਾ. ਉਪਾਸਨਾ ਬਿੰਦਰਾ ਨੇ ਦੱਸਿਆ ਕਿ ਡੇਂਗੂ ਫੈਲਾਉਣ ਵਾਲਾ ਮੱਛਰ ਕੂਲਰਾਂ, ਗਮਲਿਆ, ਫਰਿੱਜ਼ਾ ਦੇ ਪਿਛਲੇ ਪਾਸੇ ਲੱਗੀਆਂ ਟਰੇਆਂ ਆਦਿ ਵਿੱਚ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ ਅਤੇ ਇਹ ਮੱਛਰ ਦਿਨ ਵੇਲੇ ਕੱਟਦਾ ਹੈ। ਜੇਕਰ ਕਿਸੇ ਵਿਅਕਤੀ ਨੂੰ ਤੇਜ਼ ਬੁਖਾਰ, ਸਿਰ ਦਰਦ, ਮਾਸ ਪੇਸ਼ੀਆਂ ਵਿੱਚ ਦਰਦ, ਚਮੜੀ ਤੇ ਦਾਣੇ ਹੋਣਾ, ਅੱਖਾਂ ਦੇ ਪਿਛਲੇ ਪਾਸੇ ਦਰਦ, ਮਸੂੜਿਆਂ ਅਤੇ ਨੱਕ ਵਿੱਚੋਂ ਖੂਨ ਵਗਣਾ ਆਦਿ ਲੱਛਣ ਹੋਣ ਤਾਂ ਉਹ ਸਰਕਾਰੀ ਹਸਪਤਾਲ ਵਿਚ ਜਾ ਕੇ ਆਪਣਾ ਟੈਸਟ ਅਤੇ ਇਲਾਜ ਕਰਵਾ ਸਕਦਾ ਹੈ। ਕਾਰਜਕਾਰੀ ਐਸ ਐਮ ਓ ਡਾ. ਅਮਿਤ ਸਿੰਗਲਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਤਰ੍ਹਾਂ ਦੀ ਸਿਹਤ ਸੰਬੰਧੀ ਸਮੱਸਿਆ ਸਾਹਮਣੇ ਆਉਣ 'ਤੇ ਘਬਰਾਹਟ ਵਿੱਚ ਆਉਣ ਦੀ ਬਜਾਏ ਸਰਕਾਰੀ ਸਿਹਤ ਕੇਂਦਰ ਨਾਲ ਤਾਲਮੇਲ ਕੀਤਾ ਜਾਵੇ। ਇਸ ਮੌਕੇ ਡਾ. ਪ੍ਰਭਜੋਤ ਸਿੰਘ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਕਰਨੈਲ ਸਿੰਘ, ਸਮੂਹ ਸਿਹਤ ਸਟਾਫ, ਆਸ਼ਾ ਅਤੇ ਨਰਸਿੰਗ ਸਿੱਖਿਆਰਥਣਾਂ ਹਾਜ਼ਰ ਸਨ।



# ਦਿੱਲੀ ਗੁਰਦੁਆਰਾ ਕਮੇਟੀ ਨੇ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ 'ਮਹਾਕਾਲ' ਸ਼ਬਦ ਬਾਰੇ ਮਾਰਗ ਦਰਸ਼ਨ ਕਰਨ ਦੀ ਕੀਤੀ ਅਪੀਲ: ਕਾਲਕਾ/ਕਾਹਲੋਂ

ਨਵੀਂ ਦਿੱਲੀ, 23 ਸਤੰਬਰ, (ਮਨਪ੍ਰੀਤ ਸਿੰਘ ਖਾਲਸਾ): ਦਿੱਲੀ ਕਮੇਟੀ ਅਧੀਨ ਚਲਦੇ ਸਕੂਲਾਂ ਵਿਚ ਪੜਾਈ ਜਾ ਰਹੀ ਇਕ ਕਿਤਾਬ "ਅਦਵੈ" ਵਿਚ ਦਸਮ ਪਾਤਸ਼ਾਹ ਨੂੰ "ਮਹਾਂਕਾਲ ਦੀ ਪੂਜਾ ਕੀਤੀ" ਲਿਖਿਆ ਗਿਆ ਹੈ, ਜਿਸ ਉਪਰ ਵੱਡੇ ਪੱਧਰ ਤੇ ਵਿਰੋਧ ਹੋਣ ਤੋਂ ਬਾਅਦ ਮਾਮਲਾ ਭਖ ਗਿਆ ਹੈ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਅਪੀਲ ਕੀਤੀ ਹੈ ਕਿ ਦਸਮ ਗ੍ਰੰਥ ਵਿਚ ਦਰਜ ਬਾਣੀ ਵਿਚ 'ਬਚਿੱਤਰ ਨਾਟਕ' ਵਿਚ ਆਏ ਸ਼ਬਦ 'ਮਹਾਂਕਾਲ' ਦੇ ਅਰਥਾਂ ਬਾਰੇ ਕੌਮ ਦਾ ਮਾਰਗ ਦਰਸ਼ਨ ਕੀਤਾ ਜਾਵੇ।



ਸਿੰਘ ਸਾਹਿਬ ਨੂੰ ਲਿਖੇ ਪੱਤਰ ਵਿਚ ਉਹਨਾਂ ਕਿਹਾ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਦਰਜ ਬਾਣੀ 'ਬਚਿੱਤਰ ਨਾਟਕ' ਵਿਚ ਮਹਾਂਕਾਲ ਦਾ ਵਰਣਨ ਹੈ। ਉਹਨਾਂ ਕਿਹਾ ਕਿ ਇਸ ਸ਼ਬਦ ਵਿਚ ਮਹਾਂਕਾਲ ਬਾਰੇ ਪ੍ਰਚਾਰਕ ਗਿਆਨੀ ਜਗਤਾਰ ਸਿੰਘ ਜਾਚਕ ਵੱਲੋਂ ਇਤਰਾਜ਼ ਪ੍ਰਗਟ ਕੀਤਾ ਜਾ ਰਿਹਾ ਹੈ। ਸ੍ਰੀ ਦਸਮ ਗ੍ਰੰਥ ਦੀ ਬਾਣੀ 'ਤੇ ਕਿੰਤੂ ਪ੍ਰੰਤੂ ਕਰਨ ਦੀ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਸਖ਼ਤ ਮਨਾਹੀ ਹੈ। ਮਹਾਨਕੋਸ਼ ਦੇ ਮੁਤਾਬਕ ਮਹਾਂਕਾਲ ਦਾ ਅਰਥ ਪਰਮਾਤਮਾ ਹੈ। ਉਹਨਾਂ ਕਿਹਾ ਕਿ ਅਜਿਹੇ ਵਿਚ ਬੇਨਤੀ ਹੈ ਕਿ ਬਚਿੱਤਰ ਨਾਟਕ ਵਿਚ ਦਰਜ ਮਹਾਂਕਾਲ ਬਾਰੇ ਜਲਦ ਮਾਰਗ ਦਰਸ਼ਨ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਕਿਉਂਕਿ ਸੰਗਤਾਂ ਇਸ ਬਾਰੇ ਸਵਾਲ ਪੁੱਛ ਰਹੀਆਂ ਹਨ।

# ਕੈਨੇਡਾ ਪੁਲਿਸ ਵੱਲੋਂ ਚੇਤਾਵਨੀਆਂ ਦੇ ਬਾਵਜੂਦ ਨਿੱਝਰ ਵਾਂਗ ਗੋਸਲ ਦੇ ਮਾਮਲੇ ਨੂੰ ਦੁਹਰਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ: ਪਨੂੰ



**ਨਵੀਂ ਦਿੱਲੀ, 23 ਸਤੰਬਰ, (ਮਨਪ੍ਰੀਤ ਸਿੰਘ ਖਾਲਸਾ)**-ਇੰਦਰਜੀਤ ਸਿੰਘ ਗੋਸਲ ਦੀ ਹਥਿਆਰਾਂ ਦੇ ਦੋਸ਼ਾਂ 'ਤੇ ਗ੍ਰਿਫ਼ਤਾਰੀ ਦਰਅਸਲ ਕੈਨੇਡੀਅਨ ਸਰਕਾਰ ਦੇ ਇੱਕ ਕੈਨੇਡੀਅਨ ਨਾਗਰਿਕ ਦੀ ਜਾਨ ਦੀ ਰਾਖੀ ਕਰਨ ਦੇ ਫਰਜ਼ ਬਾਰੇ ਇੱਕ ਮਾਮਲਾ ਹੈ ਜਿਸਨੂੰ ਭਾਰਤ ਸਰਕਾਰ ਤੋਂ ਆਪਣੀ ਜਾਨ ਨੂੰ ਗੰਭੀਰ ਖ਼ਤਰਾ ਹੈ। ਖਾਲਿਸਤਾਨ ਰੈਫ਼ਰੈਂਡਮ ਕੋਆਰਡੀਨੇਟਰ ਗੋਸਲ ਦੀ ਜਾਨ ਨੂੰ ਭਰੋਸੇਯੋਗ ਅਤੇ ਨਜ਼ਦੀਕੀ ਖ਼ਤਰਾ ਹੋਣ ਦਾ ਮਾਮਲਾ ਕੈਨੇਡਾ ਦੀ ਪ੍ਰਭੁਸੱਤਾ, ਸੰਵਿਧਾਨਕ ਗਰੰਟੀਆਂ ਅਤੇ ਕੈਨੇਡੀਅਨ ਧਰਤੀ 'ਤੇ ਜਮਹੂਰੀ ਅਧਿਕਾਰਾਂ ਦੀ ਰਾਖੀ ਲਈ ਸਰਕਾਰ ਦੀ ਇੱਛਾ ਸ਼ਕਤੀ ਦੀ ਸਿੱਧੀ ਪ੍ਰੀਖਿਆ ਹੈ। ਐਸਐਫਜੇ ਦੇ ਜਨਰਲ ਕੌਂਸਲ ਗੁਰਪਤਵੰਤ ਸਿੰਘ ਪਨੂੰ ਨੇ ਜਾਰੀ ਕੀਤੇ ਇਕ ਬਿਆਨ ਵਿਚ ਕਿਹਾ ਕਿ ਰੈਫ਼ਰੈਂਡਮ ਮੁਹਿੰਮ ਵਿੱਚ ਹਿੱਸਾ ਲੈਣਾ ਇੱਕ ਕਾਨੂੰਨੀ ਰਾਜਨੀਤਿਕ ਕਾਰਵਾਈ ਹੈ ਪਰ ਭਾਰਤ ਦੇ ਪੀਐਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਰੈਫ਼ਰੈਂਡਮ ਦੀ ਵਕਾਲਤ ਅਤੇ ਪ੍ਰਚਾਰ ਕਰਨ ਲਈ ਕੈਨੇਡੀਅਨ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਦੇ ਜਨਤਕ ਐਲਾਨ ਨੂੰ ਦਰਸਾਉਂਦਾ ਹੈ ਕਿ ਭਾਰਤ ਦੀ ਖੇਤਰੀ ਅਖੰਡਤਾ ਨੂੰ ਚੁਣੌਤੀ ਦੇਣ ਵਾਲੇ ਕਿਸੇ ਵੀ ਵਿਅਕਤੀ ਨੂੰ "ਉਨ੍ਹਾਂ ਦੇ ਸੁਰੱਖਿਅਤ ਵਿਦੇਸ਼ੀ ਘਰਾਂ ਵਿੱਚ ਵੜ ਕੇ ਖਤਮ ਕਰ ਦਿੱਤਾ ਜਾਵੇਗਾ।" ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਕੈਨੇਡਾ ਪੁਲਿਸ ਵੱਲੋਂ ਚੇਤਾਵਨੀਆਂ ਦੇਣ ਦੇ ਪੈਟਰਨ ਤੋਂ ਬਾਅਦ ਭਾਰਤ ਦੇ ਰਾਅ ਵੱਲੋਂ ਨਿੱਝਰ ਦੇ ਮਾਮਲੇ ਦੀ ਤਰ੍ਹਾਂ ਗੋਸਲ ਦੇ ਮਾਮਲੇ ਵਿੱਚ ਦੁਹਰਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਹੈ । ਉਨ੍ਹਾਂ ਕਿਹਾ ਕਿ ਰੈਫਰੈਂਡਮ ਪ੍ਰਚਾਰਕਾਂ ਦੀ ਰੱਖਿਆ ਕਰਨਾ ਕੈਨੇਡੀਅਨ ਸਰਕਾਰ ਲਈ ਵਿਕਲਪਿਕ ਨਹੀਂ ਹੈ, ਇਹ ਕਾਰਨੀ ਸਰਕਾਰ ਦੀ ਕਾਨੂੰਨੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਪਿਛਲੇ ਛੇ ਤੋਂ ਅੱਠ ਹਫ਼ਤਿਆਂ ਵਿੱਚ, ਕੈਨੇਡੀਅਨ ਅਧਿਕਾਰੀਆਂ ਨੇ ਇੰਦਰਜੀਤ ਸਿੰਘ ਗੋਸਲ ਨੂੰ ਕਈ ਡਿਊਟੀ-ਟੂ-ਚੇਤਾਵਨੀ ਨੋਟਿਸ ਜਾਰੀ ਕੀਤੇ ਹਨ ਅਤੇ ਗਵਾਹਾਂ ਦੀ ਸੁਰੱਖਿਆ ਦੀ ਪੇਸ਼ਕਸ਼ ਨੂੰ ਵਧਾ ਦਿੱਤਾ ਹੈ। ਇਹ ਅਧਿਕਾਰਤ ਉਪਾਅ ਕਾਰਨੀ ਸਰਕਾਰ ਦੁਆਰਾ ਇੱਕ ਪ੍ਰਵਾਨਗੀ ਹਨ ਕਿ ਇੰਦਰਜੀਤ ਸਿੰਘ ਗੋਸਲ ਭਾਰਤ ਦੇ ਰਾਅ ਅਤੇ ਉਸਦੇ ਸਮਝੌਤੇ ਵਾਲੇ ਪ੍ਰੌਕਸੀਆਂ ਤੋਂ ਉਸਦੀ ਰੈਫਰੈਂਡਮ ਸਰਗਰਮੀ ਲਈ ਭਰੋਸੇਯੋਗ ਅਤੇ ਆਉਣ ਵਾਲੇ ਖਤਰਿਆਂ ਦਾ ਸਾਹਮਣਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ 17 ਜੂਨ 2023 ਨੂੰ, ਆਰਸੀਐਮਪੀ ਨੇ ਹਰਦੀਪ ਸਿੰਘ ਨਿੱਝਰ ਨੇ ਡਿਊਟੀ-ਟੂ-ਵਾਰਨ ਨੋਟਿਸ ਬਾਰੇ ਸੂਚਿਤ ਕੀਤਾ ਉਪਰੰਤ 24 ਘੰਟਿਆਂ ਦੇ ਅੰਦਰ, ਨਿੱਝਰ ਦੀ ਬ੍ਰਿਟਿਸ਼ ਕੋਲੰਬੀਆ ਵਿੱਚ ਹੱਤਿਆ ਕਰ ਦਿੱਤੀ ਗਈ। ਉਹ ਕ੍ਰਮ - ਅਧਿਕਾਰਤ ਚੇਤਾਵਨੀ ਤੋਂ ਬਾਅਦ ਕਤਲ - ਕੈਨੇਡਾ ਦੀ ਧਰਤੀ 'ਤੇ ਮੋਦੀ ਸਰਕਾਰ ਦੇ ਅੰਤਰਰਾਸ਼ਟਰੀ ਦਮਨ ਵਿਰੁੱਧ ਕਾਰਵਾਈ ਕਰਨ ਵਿੱਚ ਕੈਨੇਡਾ ਸਰਕਾਰ ਦੀ ਇੱਕ ਵਿਨਾਸ਼ਕਾਰੀ ਅਸਫਲਤਾ ਨੂੰ ਦਰਸਾਉਂਦਾ ਹੈ। ਆਰਸੀਐਮਪੀ ਦੁਆਰਾ ਚੇਤਾਵਨੀ ਦੇ ਇਸ ਘਾਤਕ ਪੈਟਰਨ ਤੋਂ ਬਾਅਦ ਰਾਅ ਦੁਆਰਾ ਕਤਲ ਨੂੰ ਦੁਹਰਾਇਆ ਨਹੀਂ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਐਸਐਫਜੇ ਪਹਿਲਾਂ ਹੀ ਪ੍ਰਧਾਨ ਮੰਤਰੀ ਕਾਰਨੀ ਨੂੰ ਭਾਰਤ ਦੀ ਨਿਗਰਾਨੀ ਅਤੇ ਕਤਲ ਲਈ ਰਾਅ ਦੁਆਰਾ ਪਛਾਣੇ ਗਏ ਕੈਨੇਡੀਅਨ ਸਿੱਖ ਕਾਰਕੁਨਾਂ ਦੀ "ਕਿੱਲ ਸੂਚੀ" ਬਾਰੇ ਸੁਚੇਤ ਕਰ ਚੁੱਕਾ ਹੈ। ਇਹ ਸੂਚੀ ਕੈਨੇਡੀਅਨ ਧਰਤੀ 'ਤੇ ਅੰਤਰਰਾਸ਼ਟਰੀ ਹਿੰਸਾ, ਵਿਦੇਸ਼ੀ ਦਖਲਅੰਦਾਜ਼ੀ ਅਤੇ ਯੋਜਨਾਬੱਧ ਗੈਰ-ਨਿਆਂਇਕ ਕਤਲਾਂ ਦੀ ਮੁਹਿੰਮ ਨੂੰ ਦਰਸਾਉਂਦੀ ਹੈ। ਜਿਸ ਸਵਾਲ ਦਾ ਕਾਰਨੀ ਸਰਕਾਰ ਨੂੰ ਜਵਾਬ ਦੇਣਾ ਚਾਹੀਦਾ ਹੈ ਉਹ ਹੈ ਕਿ ਇਸ ਦਹਿਸ਼ਤਵਾਦ ਨੂੰ ਖਤਮ ਕਰਨ ਲਈ ਕਿਹੜੇ ਕਦਮ ਚੁੱਕੇ ਗਏ ਹਨ ਅਤੇ ਕੀ ਭਾਰਤ ਦਾ ਕਤਲ ਨੈੱਟਵਰਕ ਕੈਨੇਡਾ ਵਿੱਚ ਆਪਣੇ ਕੌਂਸਲੇਟਾਂ ਅਤੇ ਡਿਪਲੋਮੈਟਾਂ ਰਾਹੀਂ ਕੰਮ ਕਰ ਰਿਹਾ ਹੈ..?

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਗੁਰੂ ਨਾਨਕ ਵਿਆਹ ਪੁਰਬ ਨੂੰ ਸਮਰਪਿਤ ਕੱਢੀ ਗਈ ਬਰਾਤ ਵਿੱਚ ਸੰਗਤਾਂ ਦਾ ਵਿਸ਼ਾਲ ਇਕੱਠ

# ਕੌਤਕਾਂ ਦੀ ਕਥਾ ਵਾਰਤਾ ਦਾ ਸੰਗਤਾਂ ਨੇ ਅਗੰਮੀ ਅਨੰਦ ਮਾਣਿਆ







**ਸੰਗਰੂਰ, 23 ਸਤੰਬਰ ( ਆਵਾਜ਼ਿ ਕੌਮ ਬਿਊਰੋ)**- ਸਥਾਨਿਕ ਗੁਰਦੁਆਰਾ ਸਾਹਿਬ ਗੁਰੂ ਨਾਨਕ ਦਰਬਾਰ ਵਿਖੇ ਗੁਰਦੁਆਰਾ ਸਾਹਿਬਾਨ ਪ੍ਰਬੰਧਕ ਤਾਲਮੇਲ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆ ਰਹੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਤਿੰਨ ਰੋਜ਼ਾ ਕਥਾ ਸਮਾਗਮਾਂ ਦਾ ਆਯੋਜਨ ਕੀਤਾ ਗਿਆ।ਤਾਲਮੇਲ ਕਮੇਟੀ ਦੇ ਮੁਖੀ ਜਸਵਿੰਦਰ ਸਿੰਘ ਪ੍ਰਿਂਸ, ਹਰਪ੍ਰੀਤ ਸਿੰਘ ਪ੍ਰੀਤ ਜਨਰਲ ਸਕੱਤਰ, ਗੁਰਵਿੰਦਰ ਸਿੰਘ ਸਰਨਾ, ਪਰਮਿੰਦਰ ਸਿੰਘ ਸੋਬਤੀ, ਰਾਜਵਿੰਦਰ ਸਿੰਘ ਲੱਕੀ, ਜਸਵੀਰ ਸਿੰਘ ਪਿੰਕਾ ਦੀ ਦੇਖ ਰੇਖ ਹੇਠ ਹੋਇਆ।ਗੁਰਮੀਤ ਸਿੰਘ ਸਾਹਨੀ ਦੇ ਸਟੇਜ ਸੰਚਾਲਨ ਅਧੀਨ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਅੰਮ੍ਰਿਤਪਾਲ ਸਿੰਘ ਦੇ ਜਥੇ ਨੇ ਰਸਭਿੰਨਾ ਕੀਰਤਨ ਕੀਤਾ ਉਪਰੰਤ ਸੰਗਰੂਰ ਸ਼ਹਿਰ ਦਾ ਮਾਣ ਵਧਾਉਣ ਵਾਲੇ ਪ੍ਰਸਿੱਧ ਕਥਾ ਵਾਚਕ ਭਾਈ ਮਨਦੀਪ ਸਿੰਘ ਮੁਰੀਦ ਨੇ ਗਿਆਨੀ ਸੰਤੋਖ ਸਿੰਘ ਦੁਆਰਾ ਰਚਿਤ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ ਤੇ ਆਧਾਰਿਤ ਗੁਰੂ ਨਾਨਕ ਸਾਹਿਬ ਜੀ ਦੇ ਵਰਤਾਏ ਕੌਤਕਾਂ ਵਿਸ਼ੇਸ਼ ਕਰਕੇ ਮੂਲਮੰਤਰ ਬਾਰੇ ਅਤੇ ਗੁਰੂ ਸਾਹਿਬ ਵੱਲੋਂ ਭਾਈ ਮਰਦਾਨਾ ਸੰਗ ਕੀਤੀ ਕੀਰਤਨ ਦੀ ਆਰੰਭਤਾ ਦੇ ਪ੍ਰਸੰਗ ਦੀ ਕੀਤੀ ਕਥਾ ਵਾਰਤਾ ਦਾ, ਸ਼ਹਿਰੀ ਅਤੇ ਇਲਾਕੇ ਚੋਂ ਵੱਡੀ ਗਿਣਤੀ ਵਿੱਚ ਪਹੁੰਚੀਆਂ ਸੰਗਤਾਂ ਨੇ ਅਗੰਮੀ ਅਨੰਦ ਮਾਣਿਆ। ਭਾਈ ਦਲਵੀਰ ਸਿੰਘ ਬਾਬਾ ਨੇ ਪਾਠ ਸਰਵਣ ਕਰਾਉਣ ਦੀ ਸੇਵਾ ਨਿਭਾਈ। ਤੀਸਰੀ ਰਾਤਰੀ ਦੌਰਾਨ ਗੁਰੂ ਨਾਨਕ ਸਾਹਿਬ ਜੀ ਦੇ ਵਿਆਹ- ਪੁਰਬ ਪ੍ਰਸੰਗ ਕਥਾ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਹਰਿਗੋਬਿੰਦ ਪੁਰਾ ਤੋਂ ਬਰਾਤ ਰੂਪ ਵਿੱਚ ਸਜਾਈ ਫੇਰੀ ਸਜਾਈ ਗਈ। ਭਾਈ ਸਤਵਿੰਦਰ ਸਿੰਘ ਭੋਲਾ ਹੈੱਡ ਗ੍ਰੰਥੀ ਵੱਲੋਂ ਕੀਤੀ ਅਰਦਾਸ ਉਪਰੰਤ ਨਿਸ਼ਾਨ ਸਾਹਿਬ ਦੀ ਅਗਵਾਈ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਗਤਾਰ ਸਿੰਘ, ਕੁਲਵੀਰ ਸਿੰਘ, ਸੁਰਿੰਦਰ ਪਾਲ ਸਿੰਘ ਸਿਦਕੀ, ਸੁਖਪਾਲ ਸਿੰਘ ਗਰੇਵਾਲ, ਹਰਭਜਨ ਸਿੰਘ ਭੱਟੀ, ਅਮਰਿੰਦਰ ਸਿੰਘ ਮੌਖਾ, ਇਸਤਰੀ ਸਤਿਸੰਗ ਸਭਾ ਦੀ ਪ੍ਰਧਾਨ ਬੀਬੀ ਬਲਵੰਤ ਕੌਰ, ਸੰਤੋਸ਼ ਕੌਰ ਦੀ ਦੇਖ ਰੇਖ ਹੇਠ ਕੱਢੀ ਗਈ ਇਸ ਬਰਾਤ ਵਿੱਚ ਸ਼ਹਿਰ ਤੇ ਇਲਾਕੇ ਦੀਆਂ ਸੰਗਤਾਂ ਨੇ ਉਤਸ਼ਾਹ ਅਤੇ ਚਾਅ ਨਾਲ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਗੁਰੂ ਸਾਹਿਬ ਦੀ ਉਸਤਤਿ ਵਿੱਚ ਦਲਵੀਰ ਸਿੰਘ ਬਾਬਾ, ਚਰਨਜੀਤ ਪਾਲ ਸਿੰਘ, ਸੁਰਿੰਦਰ ਪਾਲ ਸਿੰਘ ਸਿਦਕੀ, ਗੁਰਕੰਵਲ ਸਿੰਘ, ਗੁਰਿੰਦਰ ਵੀਰ ਸਿੰਘ, ਮਨਦੀਪ ਸਿੰਘ ਬੋਨੀ ਸਾਹਨੀ, ਗੁਰਲੀਨ ਕੌਰ, ਸਵਰਨ ਕੌਰ , ਗੁਰਬੀਰ ਕੌਰ ਬੇਬੀ, ਰੇਖਾ ਕਾਲੜਾ, ਪਰਮਿੰਦਰ ਕੌਰ, ਕਿਰਨ ਦੂਆ, ਮਨਜੀਤ ਕੌਰ ਆਦਿ ਵੱਲੋਂ ਸ਼ਬਦਾਂ ਦਾ ਗਾਇਨ ਕੀਤਾ। ਰਸਤੇ ਵਿੱਚ ਵੱਖ ਵੱਖ ਸ਼ੋ ਰੂਮਾਂ ਹਰਦੀਪ ਗਾਰਮੈਂਟਸ, ਚੀਮਾ ਪਰਿਵਾਰ, ਨਾਨਕਪੁਰਾ ਮਹੱਲੇ ਦੀਆਂ ਸੰਗਤਾਂ ਵੱਲੋਂ ਗਗਨਜੀਤ ਸਿੰਘ ਗੱਗੀ, ਮਹਿਕਪ੍ਰੀਤ ਕੌਰ ਪਰਿਵਾਰ ਨੇ ਬਰਾਤੀ ਸੰਗਤਾਂ ਦੀ ਮਿਠਿਆਈਆਂ ਨਾਲ ਸੇਵਾ ਕੀਤੀ। ਸਟਾਲਾਂ ਦੇ ਪ੍ਰਬੰਧਕਾਂ ਨੂੰ ਜਸਵਿੰਦਰ ਸਿੰਘ ਪ੍ਰਿੰਸ , ਹਰਪ੍ਰੀਤ ਸਿੰਘ ਪ੍ਰੀਤ , ਗੁਰਮੀਤ ਸਿੰਘ ਨਾਗੀ, ਸੁਰਿੰਦਰ ਪਾਲ ਸਿੰਘ ਸਿਦਕੀ ਆਦਿ ਨੇ ਸਨਮਾਨਿਤ ਕੀਤਾ। ਖ਼ੁਸ਼ੀਆਂ ਭਰੇ ਮਾਹੌਲ ਵਿੱਚ ਜੈਕਾਰਿਆਂ ਅਤੇ ਖਾਲਸਾਈ ਨਾਅਰਿਆਂ ਦੀ ਗੂੰਜ ਵਿੱਚ ਇਸ ਬਰਾਤ ਦਾ ਗੁਰਦੁਆਰਾ ਸਾਹਿਬ ਗੁਰੂ ਨਾਨਕ ਦਰਬਾਰ ਵਿਖੇ ਪਹੁੰਚਣ ਤੇ ਗੁਰਦੁਆਰਾ ਸਾਹਿਬ ਵੱਲੋਂ ਜਸਵਿੰਦਰ ਸਿੰਘ ਪ੍ਰਿੰਸ, ਗੁਰਵਿੰਦਰ ਸਿੰਘ ਸਰਨਾ, ਪਰਮਿੰਦਰ ਸਿੰਘ ਸੋਬਤੀ, ਹਰਵਿੰਦਰ ਸਿੰਘ ਕੋਹਲੀ, ਮਨਪ੍ਰੀਤ ਸਿੰਘ ਸੇਠੀ, ਗੁਰਸਿਮਰਨ ਸਿੰਘ ਗੁਜਰਾਲ, ਭਾਈ ਸੁੰਦਰ ਸਿੰਘ ਅਤੇ ਮੁਹੱਲੇ ਦੀਆਂ ਸੰਗਤਾਂ ਨੇ ਫੁੱਲਾਂ ਦੀ ਵਰਖਾ ਕਰਕੇ ਜਦੋਂ ਭਰਵਾਂ ਸਵਾਗਤ ਕੀਤਾ ਉਹ ਦ੍ਰਿਸ਼ ਦੇਖਦੇ ਹੀ ਬਣਦਾ ਸੀ। ਇਸ ਸਮੇਂ ਪ੍ਰਬੰਧਕਾਂ ਵੱਲੋਂ ਜਗਤਾਰ ਸਿੰਘ, ਭਾਈ ਮਨਦੀਪ ਸਿੰਘ ਮੁਰੀਦ, ਦਲਵੀਰ ਸਿੰਘ ਬਾਬਾ ਆਦਿ ਨੂੰ ਸਿਰੋਪਾਓ ਪਾ ਕੇ ਜੈਕਾਰਿਆਂ ਦੀ ਗੂੰਜ ਵਿੱਚ ਮਿਲਣੀ ਦਾ ਮਨਮੋਹਕ ਦ੍ਰਿਸ਼ ਪੇਸ਼ ਕੀਤਾ ਗਿਆ ।ਇਸ ਮੌਕੇ ਤੇ ਪਕੌੜਿਆਂ , ਦੁੱਧ ਅਤੇ ਭਾਂਤ ਭਾਂਤ ਦੀਆਂ ਮਿਠਿਆਈਆਂ ਦੇ ਲੰਗਰ ਲਗਾਏ ਗਏ ।ਇਹਨਾਂ ਸਮਾਗਮ ਦੌਰਾਨ ਸ਼ਹੀਦ ਬਾਬਾ ਦੀਪ ਸਿੰਘ ਜੀ ਸੇਵਾ ਸੁਸਾਇਟੀ, ਭਾਈ ਘਨ੍ਹਈਆ ਜੀ ਸੇਵਾ ਦੱਲ, ਜਗਜੀਤ ਸਿੰਘ ਸਰਨਾ , ਜਸਵੀਰ ਸਿੰਘ ਪਿੰਕਾ, ਹਰਿੰਦਰ ਵੀਰ ਸਿੰਘ ਘੀਕਾ, ਗੁਰਮੀਤ ਸਿੰਘ ਟਿੰਕੂ, ਸੋਬਤੀ ਪਰਿਵਾਰ, ਰਾਜ ਕੁਮਾਰ ਰਾਜੂ ਪਰਿਵਾਰ ਆਦਿ ਨੇ ਵਿਸ਼ੇਸ਼ ਸੇਵਾਵਾਂ ਨਿਭਾਈਆਂ। ਸਮਾਗਮ ਦੀ ਸਮਾਪਤੀ ਵਾਲੇ ਦਿਨ ਭਾਈ ਮਨਦੀਪ ਸਿੰਘ ਮੁਰੀਦ ਨੇ ਗੁਰੂ ਸਾਹਿਬ ਦੇ ਵਿਆਹ ਪੁਰਬ ਸਬੰਧੀ ਇਤਿਹਾਸ ਦਸਦੇ ਹੋਏ ਸੁਲਤਾਨਪੁਰ ਲੋਧੀ ਤੋਂ ਅਚਲ ਬਟਾਲੇ ਤੱਕ ਦਾ ਸਫ਼ਰ ਤੇ ਕੱਚੀ ਕੰਧ ਦੇ ਪ੍ਰਸੰਗ ਤੇ ਰੌਸ਼ਨੀ ਪਾਈ। ਤਾਲਮੇਲ ਕਮੇਟੀ ਵੱਲੋਂ ਜਸਵਿੰਦਰ ਸਿੰਘ ਪ੍ਰਿੰਸ, ਜਗਤਾਰ ਸਿੰਘ, ਹਰਪ੍ਰੀਤ ਸਿੰਘ ਪ੍ਰੀ, ਸੁਰਿੰਦਰ ਪਾਲ ਸਿੰਘ ਸਿਦਕੀ, ਗੁਰਵਿੰਦਰ ਸਿੰਘ ਸਰਨਾ, ਨਰਿੰਦਰ ਪਾਲ ਸਿੰਘ ਸਾਹਨੀ, ਕਰਮ ਸਿੰਘ, ਗੁਰਿੰਦਰ ਸਿੰਘ ਗੁਜਰਾਲ, ਪਰਮਿੰਦਰ ਸਿੰਘ ਸੋਬਤੀ, ਗੁਰਮੀਤ ਸਿੰਘ ਨਾਗੀ, ਗੁਰਸਿਮਰਨ ਸਿੰਘ, ਬਾਬਾ ਪਿਆਰਾ ਸਿੰਘ, ਭਾਈ ਅੰਮ੍ਰਿਤਪਾਲ ਸਿੰਘ, ਭਾਈ ਸੁੰਦਰ ਸਿੰਘ, ਮਾਤਾ ਸਵਰਨ ਕੌਰ, ਰੇਖਾ ਰਾਣੀ ਆਦਿ ਵੱਲੋਂ ਭਾਈ ਮਨਦੀਪ ਸਿੰਘ ਮੁਰੀਦ ਤੇ ਪਰਿਵਾਰ ਅਤੇ ਦਲਵੀਰ ਸਿੰਘ ਬਾਬਾ ਸਮੇਤ ਸਹਿਯੋਗੀ ਸੰਸਥਾਵਾਂ ਦੇ ਮੁਖੀ ਅੰਮ੍ਰਿਤ ਸਿੰਘ , ਦਰਸ਼ਨ ਸਿੰਘ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ, ਗੁਰਦਰਸ਼ਨ ਸਿੰਘ ਪ੍ਰਧਾਨ ਭਾਈ ਹਿੰਮਤ ਸਿੰਘ ਧਰਮਸ਼ਾਲਾ, ਸਿਮਰਤ ਕੌਰ ਰਾਣਾ ਪੂਨੀਆ, ਸ਼ਿਵੰਦਰ ਕੌਰ ਗੁਰਦੁਆਰਾ ਸਾਹਿਬ ਮਹਿਲ ਮੁਬਾਰਕ ਨੂੰ ਸਨਮਾਨਿਤ ਕੀਤਾ। ਇਹਨਾਂ ਸਮਾਗਮਾਂ ਵਿੱਚ ਵੱਖ ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਵਜੋਂ ਹਰਦੀਪ ਸਿੰਘ ਸਾਹਨੀ, ਮਾਸਟਰ ਬਲਵਿੰਦਰ ਸਿੰਘ ਬਾਲੀਆਂ ,, ਪਰਮਜੀਤ ਸਿੰਘ ਟਿਵਾਣਾ, ਰਾਜਿੰਦਰ ਪਾਲ ਸਿੰਘ ਟੋਨੀ, ਈਮਾਨ ਪ੍ਰੀ ਸਿੰਘ, ਗੁਲਜ਼ਾਰ ਸਿੰਘ, ਰਾਵਿੰਦਰ ਸਿੰਘ, ਬਲਵਿੰਦਰ ਸਿੰਘ, ਹਰਵਿੰਦਰ ਸਿੰਘ ਪੱਪੂ, ਜਤਿੰਦਰ ਸਿੰਘ, ਜਰਨੈਲ ਸਿੰਘ, ਉਪਿੰਦਰਜੀਤ ਸਿੰਘ, ਪਰਵਿੰਦਰ ਸਿੰਘ ਪੱਪੂ, ਕੁਲਜੀਤ ਸਿੰਘ ਸਿੱਧੂ, ਕੰਵਲਜੀਤ ਸਿੰਘ, ਮਨਵਿੰਦਰ ਸਿੰਘ ਸੋਬਤੀ, ਗੁਰਪ੍ਰੀਤ ਸਿੰਘ ਰੋਬਿਨ, ਬਲਜਿੰਦਰ ਸਿੰਘ, ਦਮਨਜੀਤ ਸਿੰਘ, ਬਲਵੰਤ ਸਿੰਘ ਭਿੱਖੀ , ਹਰਬੰਸ ਸਿੰਘ ਕੁਮਾਰ, ਗੁਰਮੀਤ ਸਿੰਘ ਕਾਲੜਾ, ਰਸਵਿੰਦਰ ਸਿੰਘ ਟੁਰਨਾ , ਨਰਿੰਦਰ ਸਿੰਘ ਬੱਬੂ, ਮਨਮੋਹਨ ਸਿੰਘ ਰੇਖੀ, ਅਨੰਤ ਕੌਰ, ਜੋਗਿੰਦਰ ਕੌਰ, ਮਨਪ੍ਰੀਤ ਕੌਰ, ਕੁਲਵਿੰਦਰ ਕੌਰ ਢੀਂਗਰਾ, ਗੁਰਵਿੰਦਰ ਕੌਰ, ਜਸਵਿੰਦਰ ਕੌਰ, ਹਰਵਿੰਦਰ ਕੌਰ, ਅਮਨਦੀਪ ਕੌਰ, ਭੁਪਿੰਦਰ ਕੌਰ, ਹਰਵਿੰਦਰ ਪਾਲ ਕੌਰ ਆਦਿ ਸਮੇਤ ਸ਼ਹਿਰੀ ਸੰਗਤਾਂ ਤੋਂ ਇਲਾਵਾ ਅਕੋਈ ਸਾਹਿਬ, ਮੰਗਵਾਲ, ਬਡਰੁੱਖਾਂ ਆਦਿ ਦੀਆਂ ਸੰਗਤਾਂ ਨੇ ਵੀ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ।

"ਨਾ ਸੱਤਾ ਧਿਰ, ਨਾ ਵਿਰੋਧੀ ਧਿਰ"

# ਬਾਬਾ ਗੁਰਿੰਦਰ ਢਿੱਲੋਂ ਦੀਆਂ ਸਿਆਸੀ ਮੁਲਾਕਾਤਾਂ 'ਤੇ ਚੁੱਪ





ਅੰਮ੍ਰਿਤਸਰ, 23 ਸਤੰਬਰ (ਖ਼ਾਸ ਰਿਪੋਰਟ) - ਪੰਜਾਬ ਦੇ ਸਿਆਸੀ ਗਲਿਆਰਿਆਂ ਵਿੱਚ ਬਾਬਾ ਗੁਰਿੰਦਰ ਢਿੱਲੋਂ ਦੀਆਂ ਹਾਲੀਆ ਮੁਲਾਕਾਤਾਂ ਨੇ ਵੱਡੀ ਚਰਚਾ ਨੂੰ ਜਨਮ ਦੇ ਦਿੱਤਾ ਹੈ। ਪਹਿਲਾਂ ਉਹ ਸ਼ਿਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਬਿਕਰਮ ਸਿੰਘ ਮਜੀਠੀਆ ਨਾਲ ਮਿਲੇ, ਜਿਸਨੂੰ ਸਿਆਸੀ ਪੱਧਰ 'ਤੇ ਮਹੱਤਵਪੂਰਨ ਸੰਕੇਤ ਵਜੋਂ ਦੇਖਿਆ ਜਾ ਰਿਹਾ ਹੈ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਸ ਬਾਰੇ ਨਾ ਤਾਂ ਸੱਤਾ ਧਿਰ ਵੱਲੋਂ ਕੋਈ ਬਿਆਨ ਆਇਆ ਹੈ ਅਤੇ ਨਾ ਹੀ ਵਿਰੋਧੀ ਧਿਰ ਵੱਲੋਂ।

**ਪੈਟਰੋਲ ਪੰਪ 'ਤੇ ਸੰਗਤਾਂ ਨਾਲ ਸਿੱਧੀ ਗੱਲਬਾਤ** : ਸਰੋਤਾਂ ਅਨੁਸਾਰ, ਬਾਬਾ ਗੁਰਿੰਦਰ ਢਿੱਲੋਂ ਅੱਜ ਪੈਟਰੋਲ ਪੰਪ 'ਤੇ ਬੈਠੀਆਂ ਸੰਗਤਾਂ ਨਾਲ ਮਿਲੇ। ਉਨ੍ਹਾਂ ਨੇ ਸੰਗਤਾਂ ਨਾਲ ਅਨੋਖੇ ਢੰਗ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਅਰਦਾਸਾਂ ਸੁਣੀਆਂ। ਉਥੇ ਮੌਜੂਦ ਸੰਗਤਾਂ ਦਾ ਕਹਿਣਾ ਸੀ ਕਿ ਬਾਬਾ ਗੁਰਿੰਦਰ ਹਮੇਸ਼ਾਂ ਲੋਕਾਂ ਦੇ ਨੇੜੇ ਰਹਿ ਕੇ ਉਨ੍ਹਾਂ ਦੇ ਦੁੱਖ-ਸੁਖ ਸਾਂਝੇ ਕਰਦੇ ਹਨ।

### ਬਿਕਰਮ ਮਜੀਠੀਆ ਨਾਲ ਮਿਲਣ ਤੋਂ ਬਾਅਦ ਪੈਟਰੋਲ ਪੰਪ 'ਤੇ ਸੰਗਤਾਂ ਨਾਲ ਦਰਸ਼ਨ ਅਤੇ ਮੰਤਰੀ ਦੇ ਘਰ ਵੀ ਪਹੁੰਚੇ

**ਮੰਤਰੀ ਦੇ ਘਰ 'ਚ ਚਰਨ ਪਾਏ** : ਇਸ ਤੋਂ ਬਾਅਦ ਬਾਬਾ ਗੁਰਿੰਦਰ ਸੱਤਾ ਧਿਰ ਨਾਲ ਸੰਬੰਧਤ ਇੱਕ ਮੰਤਰੀ ਦੇ ਘਰ ਵੀ ਪਹੁੰਚੇ, ਜਿੱਥੇ ਉਨ੍ਹਾਂ ਨੇ ਚਰਨ ਪਾ ਕੇ ਮੁਲਾਕਾਤ ਕੀਤੀ। ਰਾਜਨੀਤਿਕ ਵਿਸ਼ਲੇਸ਼ਕਾਂ ਅਨੁਸਾਰ, ਇਹ ਕਦਮ ਵੱਡੇ ਸਿਆਸੀ ਸੰਦੇਸ਼ ਵਜੋਂ ਵੇਖਿਆ ਜਾ ਰਿਹਾ ਹੈ ਕਿਉਂਕਿ ਰਾਧਾ ਸਵਾਮੀ ਬਿਆਸ ਦਾ ਪ੍ਰਭਾਵ ਪੰਜਾਬ ਦੀ ਰਾਜਨੀਤੀ ਵਿੱਚ ਕਾਫ਼ੀ ਮਹੱਤਵਪੂਰਨ ਮੰਨਿਆ ਜਾਂਦਾ ਹੈ।

**ਸਿਆਸੀ ਪੱਖਾਂ ਦੀ ਚੁੱਪ** : ਵਿਸ਼ਲੇਸ਼ਕ ਮੰਨਦੇ ਹਨ ਕਿ ਸਿਆਸੀ ਪੱਖਾਂ ਵੱਲੋਂ ਚੁੱਪ ਰਹਿਣ ਦਾ ਮੁੱਖ ਕਾਰਨ ਡੇਰੇ ਦਾ ਪੰਜਾਬ ਵਿੱਚ ਵੱਡਾ ਜਨ-ਅਧਾਰ ਹੈ। ਸੱਤਾ ਧਿਰ ਹੋਵੇ ਜਾਂ ਵਿਰੋਧੀ, ਦੋਵੇਂ ਪਾਸੇ ਕਿਸੇ ਵੀ ਤਰ੍ਹਾਂ ਬਾਬਾ ਗੁਰਿੰਦਰ ਢਿੱਲੋਂ ਜਾਂ ਉਨ੍ਹਾਂ ਦੇ ਕਦਮਾਂ 'ਤੇ ਸਵਾਲ ਚੁੱਕਣ ਤੋਂ ਕੱਤਰਦੇ ਹਨ।

**ਇੱਕ ਸੀਨੀਅਰ ਰਾਜਨੀਤਿਕ ਟਿੱਪਣੀਕਾਰ ਨੇ ਕਿਹਾ** : "ਜਿਸਨੇ ਵੀ ਬਾਬਾ ਗੁਰਿੰਦਰ ਜਾਂ ਡੇਰਾ ਬਿਆਸ ਦੇ ਖ਼ਿਲਾਫ਼ ਬੋਲਿਆ, ਉਸਨੂੰ ਪੰਜਾਬ ਦੀ ਸਿਆਸਤ ਵਿੱਚ ਭਾਰੀ ਨੁਕਸਾਨ ਝੱਲਣਾ ਪੈ ਸਕਦਾ ਹੈ। ਇਸ ਲਈ ਹੀ ਸਾਰੇ ਨੇਤਾ ਚੁੱਪੀ ਸਾਧੇ ਬੈਠੇ ਹਨ।"

**ਗੁਰਪ੍ਰੀਤ ਕੋਟਲੀ ਦਾ ਬਿਆਨ** : ਇਸ ਮਾਮਲੇ 'ਤੇ ਗੁਰਪ੍ਰੀਤ ਕੋਟਲੀ ਵੱਲੋਂ ਸਪਸ਼ਟ ਬਿਆਨ ਸਾਹਮਣੇ ਆਇਆ। ਉਨ੍ਹਾਂ ਨੇ ਕਿਹਾ:

"ਕਿਸੇ ਸਿਆਸੀ ਨੇਤਾ ਦੀ ਇਹ ਹਿੰਮਤ ਨਹੀਂ ਜੋ ਬਾਬਾ ਗੁਰਿੰਦਰ ਢਿੱਲੋਂ ਅਤੇ ਬਿਕਰਮ ਮਜੀਠੀਆ ਦੀ ਮੁਲਾਕਾਤ 'ਤੇ ਉਂਗਲ ਚੁੱਕ ਸਕੇ। ਨਾ ਸੱਤਾ ਧਿਰ ਬੋਲ ਸਕਦੀ ਹੈ, ਨਾ ਵਿਰੋਧੀ ਧਿਰ।"

**ਪਿਛੋਕੜ** : ਯਾਦ ਰਹੇ ਕਿ ਡੇਰਾ ਰਾਧਾ ਸਵਾਮੀ ਬਿਆਸ ਦੇ ਪੰਜਾਬ ਹੀ ਨਹੀਂ, ਸਗੋਂ ਭਾਰਤ ਭਰ ਵਿੱਚ ਲੱਖਾਂ ਮਾਨਣ ਵਾਲੇ ਹਨ। ਹਰ ਚੋਣ 'ਚ ਇਸ ਡੇਰੇ ਦੀ ਸਿਆਸੀ ਢੰਗ ਨਾਲ ਮਹੱਤਵਪੂਰਨ ਭੂਮਿਕਾ ਰਹੀ ਹੈ। ਕਈ ਵਾਰ ਡੇਰੇ ਵੱਲੋਂ ਦਿੱਤਾ ਗਿਆ ਸੰਕੇਤ ਚੋਣ ਨਤੀਜਿਆਂ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਕਰਦਾ ਹੈ।

## ਇੱਕ ਨਜ਼ਰ...



### ਸੰਗਰੂਰ ਵਿਖੇ ਦੋ ਪਹੀਆਂ ਵਾਹਨ ਤੇ ਹੈਲਮਟ ਨਹੀਂ ਪਾਇਆ ਹੋਣ ਕਰਕੇ ਰਹਿਗਿਰਾਂ ਨੂੰ ਬੂਟੇ ਵੰਡ ਕੇ ਟਰੈਫਿਕ ਸਬੰਧੀ ਕੀਤਾ ਜਾਗਰੂਕ

ਸੰਗਰੂਰ, 23 ਸਤੰਬਰ ( ਆਵਾਜ਼ਿ ਕੌਮ ਬਿਊਰੋ)-ਅੱਜ ਧੂਰੀ ਰੋਡ ਸੰਗਰੂਰ ਵਿਖੇ ਟ੍ਰੈਫਿਕ ਦੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੀ ਚੈਕਿੰਗ ਕਰਨ ਲਈ ਲਗਾਏ ਗਏ ਨਾਕੇ ਤੇ ਜ਼ਿਲ੍ਹਾ ਟ੍ਰੈਫਿਕ ਇੰਚਾਰਜ ਸਬ ਇੰਸਪੈਕਟਰ ਪਵਨ ਕੁਮਾਰ ਸ਼ਰਮਾ ਨੇ ਸਮੇਤ ਟ੍ਰੈਫਿਕ ਪੁਲਿਸ ਨੇ ਅੱਜ ਚਲਾਣ ਕੱਟਣ ਦੀ ਜਗ੍ਹਾ ਜਿਹੜੇ ਵਿਅਕਤੀਆਂ ਨੇ ਦੋ ਪਹੀਆਂ ਵਾਹਨ ਤੇ ਹੈਲਮਟ ਨਹੀਂ ਪਾਇਆ ਹੋਇਆ ਸੀ ਉਹਨਾਂ ਰਾਹਗੀਰਾਂ ਨੂੰ ਅਨੂ ਗਰੀਨ ਵਿਊ ਨਰਸਰੀ ਵਾਲਿਆਂ ਦੀ ਮਦਦ ਨਾਲ ਬੂਟੇ ਵੰਡੇ ਗਏ ਅਤੇ ਹਦਾਇਤ ਕੀਤੀ ਗਈ ਅੱਗੇ ਤੋਂ ਹੈਲਮਟ ਲੈ ਕੇ ਹੀ ਦੋ ਪਹੀਆਂ ਵਾਹਨ ਤੇ ਸਫਰ ਕੀਤਾ ਜਾਵੇ ਜੀ ਇਸ ਸਬੰਧੀ ਸਕੂਲਾਂ ਕਾਲਜਾਂ ਅਤੇ ਵੱਖ-ਵੱਖ ਯੂਨੀਅਨ ਵਿੱਚ ਜਾ ਕੇ ਸੈਮੀਨਾਰ ਵੀ ਲਗਾਏ ਜਾ ਰਹੇ ਹਨ ਇਸ ਮੌਕੇ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਟਰੈਫਿਕ ਮੁਨਸ਼ੀ, ਸਹਾਇਕ ਥਾਣੇਦਾਰ ਬਲਵਿੰਦਰ ਸਿੰਘ,ਸਹਾਇਕ ਥਾਣੇਦਾਰ ਰਾਮ ਪ੍ਰਤਾਪ,ਪੀਐਚਜੀ ਸੁਖਦੀਪ ਸਿੰਘ ਹਾਜਰ ਸਨ ।

### ਉਗਰਾਹਾਂ ਜੱਥੇਬੰਦੀ ਵੱਲੋਂ 50 ਟਰਾਲੀਆਂ ਦਾ ਦੂਜਾ ਕਾਫਲਾ ਹੜ ਪੀੜਤਾਂ ਲਈ ਸੰਗਰੂਰ ਤੋਂ ਹੋਇਆ ਰਵਾਨਾ



ਸੰਗਰੂਰ, 23 ਸਤੰਬਰ ( ਆਵਾਜ਼ਿ ਕੌਮ ਬਿਊਰੋ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲਾ ਸੰਗਰੂਰ ਵੱਲੋਂ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆਂ ਅਤੇ ਜਿਲ੍ਹਾ ਸਕੱਤਰ ਦਰਬਾਰਾ ਸਿੰਘ ਛਾਜਲਾ ਦੀ ਅਗਵਾਈ ਹੇਠ 50 ਟਰਾਲੀਆਂ ਦਾ ਕਾਫਲਾ ਅੰਮ੍ਰਿਤਸਰ ਜ਼ਿਲ੍ਹੇ ਦੇ ਵਿੱਚ ਹੜ ਪੀੜਿਤ ਲੋਕਾਂ ਲਈ ਰਵਾਨਾ ਹੋਇਆ ਇਸ ਮੌਕੇ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਸੂਬਾ ਮੀਤ ਪ੍ਰਧਾਨ ਜਨਕ ਸਿੰਘ ਭੁਟਾਲ ਨੇ ਦੱਸਿਆ ਕਿ ਕੇਂਦਰ ਅਤੇ ਪੰਜਾਬ ਸਰਕਾਰ ਜਾਣਬੁੱਝ ਕੇ ਅਤੇ ਗਲਤ ਨੀਤੀਆਂ ਕਾਰਨ ਹਰ ਤੀਜੇ ਚੌਥੇ ਵਰੇ ਵੱਡੇ ਹੜ ਲਿਆਂਦੇ ਜਾਂਦੇ ਹਨ ਜਿਸ ਕਾਰਨ ਜਾਨੀ ਮਾਲੀ ਅਤੇ ਫਸਲਾਂ ਸਮੇਤ ਕਿਸਾਨਾਂ ਮਜਦੂਰਾਂ ਦੇ ਘਰਾਂ ਦਾ ਹੋਰ ਕਾਰੋਬਾਰਾਂ ਦਾ ਬਹੁਤ ਵੱਡਾ ਨੁਕਸਾਨ ਹੁੰਦਾ ਹੈ ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਪਹਿਲਾਂ ਤਾਂ ਜਥੇਬੰਦੀ ਵੱਲੋਂ ਪੀੜਤ ਲੋਕਾਂ ਨੂੰ ਲੋੜਵੰਦ ਚੀਜ਼ਾਂ ਸਮੇਤ ਜਿੰਨਾ ਸਮਾਂ ਉਹਨਾਂ ਦੀਆਂ ਕਣਕਾਂ ਨਹੀਂ ਬਿਜਦੀਆਂ ਹਰ ਸਮਾਨ ਵੱਖੋ ਵੱਖ ਜਿਲਿਆਂ ਦੇ ਵਿੱਚ ਲੋਕਾਂ ਕੋਲੋਂ ਸਮਾਨ ਇਕੱਠਾ ਕਰਕੇ ਲੋੜਵੰਦ ਲੋਕਾਂ ਲਈ ਭੇਜਿਆ ਜਾਵੇਗਾ ਉਸ ਤੋਂ ਬਾਅਦ ਜੋ ਇੱਕ ਬਿਉਂਤਬੰਦੀ ਨਾਲ ਇੱਥੇ ਆਮ ਲੋਕਾਂ ਨੂੰ ਤਬਾਹ ਕਰਨ ਲਈ ਹੜ ਲਿਆਂਦੇ ਜਾਂਦੇ ਹਨ ਅਤੇ ਨਾ ਹੀ ਇਹਨਾਂ ਨੂੰ ਸਰਕਾਰ ਵੱਲੋਂ ਕੋਈ ਠੋਸ ਮੁਆਵਜਾ ਮਿਲਦਾ ਹੈ ਤੇ ਨਾ ਹੀ ਇਹਨਾਂ ਬੰਨਾ ਨੂੰ ਪੱਕੇ ਕਰਨ ਦੀ ਕੋਈ ਬਿਉਂਤ ਹੈ ਜਿਸਦੀ ਲੜਾਈ ਜਥੇਬੰਦੀ ਲੋਕਾਂ ਦੇ ਸਿਰ ਤੇ ਆਉਣ ਵਾਲੇ ਸਮੇਂ ਦੇ ਵਿੱਚ ਲੜੇਗੀ ਅਤੇ ਪੀੜਤ ਲੋਕਾਂ ਲਈ ਮੁਆਵਜੇ ਵੀ ਲਾਗੂ ਕਰਵਾਵੇਗੀ ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਡੂਆਂ ਜਿਲਾ ਸਕੱਤਰ ਦਰਬਾਰਾ ਸਿੰਘ ਛਾਜਲਾ ਨੇ ਕਿਹਾ ਕਿ ਜੋ ਵੀ ਅੱਜ ਰਾਸ਼ਨ ਕਣਕ ਤੂੜੀ ਪਸ਼ੂਆਂ ਲਈ ਅਚਾਰ ਤੇ ਕੱਪੜੇ ਬਿਸਤਰੇ ਹੋਰ ਲੋੜੀ ਦਾ ਸਮਾਨ ਜਥੇਬੰਦੀ ਦੇ ਵੱਖ-ਵੱਖ ਪਿੰਡਾਂ ਦੇ ਵਿੱਚੋਂ ਜਾ ਰਿਹਾ ਹੈ ਉਹਨਾਂ ਦੀਆਂ ਲਿਸਟਾਂ ਬਣਾ ਕੇ ਜਿਵੇਂ ਪਹਿਲਾਂ 20 ਤਰੀਕ ਨੂੰ ਸੰਗਰੂਰ ਜ਼ਿਲ੍ਹੇ ਦੇ ਵਿੱਚੋਂ 60 ਟਰਾਲੀਆਂ ਦਾ ਕਾਫਲਾ ਗਿਆ ਸੀ ਉਹ ਸਮਾਨ ਲਿਸਟਾਂ ਅਨੁਸਾਰ ਵੰਡਿਆ ਗਿਆ ਹੈ ।ਉਸੇ ਤਰ੍ਹਾਂ ਇਹ ਸਮਾਨ ਨੂੰ ਵੰਡਿਆ ਜਾਣਾ ਹੈ ।ਅਤੇ ਆਉਣ ਵਾਲਾ ਕਾਫਲਾ 26 ਤਰੀਕ ਨੂੰ ਸੰਗਰੂਰ ਜ਼ਿਲ੍ਹੇ ਦੇ ਵਿੱਚੋਂ ਰਵਾਨਾ ਹੋਵੇਗਾ ਇਸ ਮੌਕੇ ਜ਼ਿਲਾ ਖਜ਼ਾਨਚੀ ਬਹਾਲ ਸਿੰਘ ਢੀਂਡਸਾ ਬਲਾਕ ਸੁਨਾਮ ਦੇ ਪ੍ਰਧਾਨ ਜਸਵੰਤ ਸਿੰਘ ਤੋਲਾਵਾਲ ਬਲਾਕ ਆਗੂ ਸੁਖਪਾਲ ਸਿੰਘ ਮਾਣਕ ਰਾਮ ਸਰਨ ਉਗਰਾਹਾਂ ਪਾਲ ਦੋਲੇਆਲ ਯਾਦਵਿੰਦਰ ਚੱਠਾ ਮੂਣਕ ਬਲਾਕ ਦੇ ਪ੍ਰਧਾਨ ਸੁਖਦੇਵ ਸਿੰਘ ਕੜੈਲ ਜਰਨਲ ਸਕੱਤਰ ਰਿੰਕੂ ਮੂਣਕ ਨੂੰ ਰੋਸ਼ਨ ਮੂਣਕ ਸਮੇਤ ਲਹਿਰਾ ਬਲਾਕ ਦੇ ਆਗੂ ਬਹਾਦਰ ਸਿੰਘ ਭਟਾਲ ਬਲਾਕ ਆਗੂ ਕਰਨੈਲ ਸਿੰਘ ਗਨੋਟਾ ਗੁਰਪ੍ਰੀਤ ਸਿੰਘ ਸੰਗਤਪੁਰਾ ਅਤੇ ਸੁਨਾਮ ਬਲਾਕ ਦੇ ਔਰਤ ਵਿੰਗ ਦੇ ਪ੍ਰਧਾਨ ਜਸਵੀਰ ਕੌਰ ਉਗਰਾਹਾਂ ਬਲਾਕ ਆਗੂ ਮਨਜੀਤ ਕੌਰ ਤੋਲਾਵਾਲ ਬਲਜੀਤ ਕੌਰ ਖਡਿਆਲ ਸੁਖਵਿੰਦਰ ਕੌਰ ਚੱਠੇ ਅਤੇ ਵੱਖ-ਵੱਖ ਪਿੰਡ ਇਕਾਈਆਂ ਦੇ ਪ੍ਰਧਾਨ ਸਕੱਤਰ ਕਾਫਲੇ ਦੇ ਵਿੱਚ ਰਵਾਨਾ ਹੋਏ।

### ਕਮਿਸ਼ਨਰੇਟ ਪੁਲਿਸ ਲੁਧਿਆਣਾ ਵੱਲੋਂ ਦਾਤ ਦੀ ਨੋਕ ਤੇ ਲੁੱਟਾਂ ਖੋਹਾਂ ਕਰਨ ਵਾਲੇ 2 ਦੋਸ਼ੀਆਂ ਦੇ ਖਿਲਾਫ ਕਾਰਵਾਈ ਦੌਰਾਨ 7 ਮੋਟਰਸਾਈਕਲ, 10 ਮੋਬਾਇਲ ਫੋਨ ਤੇ ਦਾਤ ਬਰਾਮਦ

ਲੁਧਿਆਣਾ, 23 ਸਤੰਬਰ ( ਆਵਾਜ਼ਿ ਕੌਮ ਬਿਊਰੋ)-ਕਮਿਸ਼ਨਰ ਪੁਲਿਸ ਲੁਧਿਆਣਾ ਸਵਪਨ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਅਤੇ ਵਧੀਕ ਡਿਪਟੀ ਕਮਿਸ਼ਨਰ ਪੁਲਿਸ ਜੋਨ-2 ਕਰਨਵੀਰ ਸਿੰਘ ਸਹਾਇਕ ਕਮਿਸ਼ਨਰ ਪੁਲਿਸ (ਦੱਖਣੀ) ਹਰਜਿੰਦਰ ਸਿੰਘ ਦੀ ਅਗਵਾਈ ਹੇਠ, ਇੰਸਪੈਕਟਰ ਗੁਰਮੁੱਖ ਸਿੰਘ ਮੁੱਖ ਅਫਸਰ ਥਾਣਾ ਸਾਹਨੇਵਾਲ ਅਤੇ ਏ.ਐੱਸ.ਆਈ. ਚਾਂਦ ਅਹੀਰ ਇੰਚਾਰਜ ਚੌਕੀ ਗਿਆਸਪੁਰਾ ਦੀ ਟੀਮ ਵੱਲੋਂ ਕੀਤੀ ਗਈ ਕਾਰਵਾਈ ਦੌਰਾਨ ਸੰਨੀ ਕੁਮਾਰ ਪੁੱਤਰ ਪੱਪੂ ਸਿੰਘ ਅਤੇ ਅਭਿਸ਼ੇਕ ਕੁਮਾਰ ਪੁੱਤਰ ਨਿਰਪਾਲ ਸਿੰਘ ਵਾਸੀ ਕੰਗਣਵਾਲ, ਲੁਧਿਆਣਾ ਨੂੰ ਗ੍ਰਿਫਤਾਰ ਕੀਤਾ ਗਿਆ। ਇਹ ਦੋਵੇਂ ਦਿਨ ਤੇ ਰਾਤ ਰਾਹਗੀਰਾਂ ਅਤੇ ਪ੍ਰਵਾਸੀ ਮਜ਼ਦੂਰਾਂ ਨੂੰ ਇਕਾਂਤ ਜਗ੍ਹਾਂ 'ਤੇ ਦਾਤ ਲੋਹੇ ਨਾਲ ਡਰਾ-ਧਮਕਾ ਕੇ ਮੋਬਾਇਲ ਫੋਨ, ਮੋਟਰਸਾਈਕਲ ਅਤੇ ਨਕਦੀ ਖੋਹਦੇ ਸਨ। ਮੁਖਬਰ ਖਾਸ ਦੀ ਸੂਚਨਾ 'ਤੇ ਛਾਪੇਮਾਰੀ ਕਰਦਿਆਂ ਉਨ੍ਹਾਂ ਨੂੰ ਗਿਆਸਪੁਰਾ ਇਲਾਕੇ ਤੋਂ ਕਾਬੂ ਕੀਤਾ ਗਿਆ, ਜਿਸ ਦੌਰਾਨ ਚੋਰੀ ਅਤੇ ਖੋਹੀਆਂ ਕੀਤੀਆਂ 07 ਮੋਟਰਸਾਈਕਲ, 10 ਮੋਬਾਇਲ ਫੋਨ ਬਰਾਮਦ ਹੋਏ ਹਨ। ਇਹਨਾਂ 02 ਦੋਸ਼ੀਆਂ ਦੇ ਖਿਲਾਫ ਮੁਕੱਦਮਾ ਨੰਬਰ: 263 ਮਿਤੀ 20.09.2025 ਅ/ਧ 304(2), 308(5), 317(2), 3(5) **BNS** ਤਹਿਤ ਥਾਣਾ ਸਾਹਨੇਵਾਲ ਲੁਧਿਆਣਾ ਵਿੱਚ ਦਰਜ ਕਰਕੇ ਅੱਗੇ ਦੀ ਜਾਂਚ ਕੀਤੀ ਜਾ ਰਹੀ ਹੈ।